ਸ਼ਬਦ ਮੰਗਲ

(ਕਾਵਿ-ਸੰਗ੍ਰਹਿ)

ਧੰਨਵਾਦ

* ਪਰਿਵਾਰ ਦਾ ਜਿਸਨੇ ਸਦਾ ਉਸਾਰੂ ਕਾਰਜ ਕਰਨ ਦੇ ਲਈ ਹੱਲਾਸ਼ੇਰੀ ਦਿੱਤੀ।
* ਰਜਿੰਦਰ ਮਾਜੀ (ਅਬੋਹਰ) ਦਾ ਵਿਸ਼ੇਸ਼ ਧੰਨਵਾਦ ।
* ਉਹਨਾਂ ਸੱਜਣਾ ਦਾ ਜਿੰਨ੍ਹਾਂ ਨੇ ਜਨਾਬ ਮੰਗਲ ਮਦਾਨ ਜੀ ਬਾਰੇ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ।
* ਉਹਨਾਂ ਸਭਨਾਂ ਦਾ ਜਿੰਨ੍ਹਾਂ ਨੇ ਇਸ ਪੁਸਤਕ ਬਾਰੇ ਟਿੱਪਣੀਆਂ ਦਿੱਤੀਆਂ।
* ਸਿੱਧੇ- ਅਸਿੱਧੇ ਰੂਪ ਵਿੱਚ ਇਸ ਪੁਸਤਕ ਪਿੱਛੇ ਕੰਮ ਕਰਨ ਵਾਲੇ ਸਭਨਾਂ ਸਨੇਹੀਆਂ ਦਾ।

ਸ਼ਬਦ ਮੰਗਲ

(ਕਾਵਿ-ਸੰਗ੍ਰਹਿ)

ਸੰਪਾਦਕ
ਰਿਸ਼ੀ ਹਿਰਦੇਪਾਲ

ਪੰਜਾਬੀ ਸਾਹਿਤ ਪਬਲੀਕੇਸ਼ਨ, ਬਾਲੀਆਂ

Sabad Mangal

(A Book Of Poetry)

Edit By

Rishi Hirdepal ©

Khes Bazzar, Mohalla Mithi Khui

Malout-152107, Distt : Muktsar

Mob. 98146-66789

2015

ISBN 978-93-85235-16-0

Price 120/-

Published by

Punjabi Sahit Publication

V.P.O. Balian, Sangrur (148001), Punjab

Mob. 98154-48958, 80548-69313

Printed & Bound at:
Shiv Shakti Printing Press, Delhi

All rights reserved

This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.

ਉਸਤਾਦ ਪਿਤਾ
ਜਨਾਬ ਮੰਗਲ ਮਦਾਨ ਜੀ ਦੀ
ਸੋਚ, ਕਲਮ, ਯਾਦ ਨੂੰ

ਤਤਕਰਾ

ਮਿੱਠੀ ਖ਼ੂਹੀ ਦਾ ਅੰਮ੍ਰਿਤ/ਤਰਲੋਕ ਸਿੰਘ ਆਨੰਦ (ਡਾ.) /8
ਮੰਗਲ ਭਾਅ ਜੀ ਨੂੰ ਯਾਦ ਕਰਦਿਆਂ/ਕੀਰਤੀ ਕਿਰਪਾਲ /10
ਇੱਕ ਸੀ/ਹੈ ਮੰਗਲ ਮਦਾਨ/ਜਸਵਿੰਦਰ /12
ਬੜਾ ਰੋਇਆ ਸੀ ਦਿਲ ਮੇਰਾ.../ਤ੍ਰੈਲੋਚਨ ਲੋਚੀ /14
ਭੂਮਿਕਾ/ ਪ੍ਰੋ. ਬ੍ਰਹਮਜਗਦੀਸ਼ /19
ਯਾਦਾਂ ਦੇ ਝਰੋਖੇ ਚੋਂ.../ਪ੍ਰੋ. ਗੁਰਰਾਜ ਸਿੰਘ ਚਹਿਲ /23
ਜ਼ਿੰਦਗੀ ਦੀ ਬਾਤ ਪਾਉਂਦੀ ਕਵਿਤਾ/ਬਲਦੇਵ ਸਿੰਘ (ਸੜਕਨਾਮਾ) /24
ਮੰਗਲ ਮਦਾਨ ਲਈ/ਰਜਿੰਦਰ ਮਾਜੀ /28
ਸਾਡਾ ਮੰਗਲ/ਮਿਤਵਾ /30
ਸਾਫ਼-ਸੁਥਰੇ ਗੀਤਾਂ ਦਾ ਲੇਖਕ/ਗੁਰਦਾਸ ਮਾਨ /34
ਵੱਖਰੀ ਭਾਂਤ ਦੀ ਸ਼ੈਲੀ ਦਾ ਮਾਲਿਕ/ਸੁਰਜੀਤ ਪਾਤਰ /35
ਯਾਰਾਂ ਦਾ ਯਾਰ/ਹੰਸ ਰਾਜ ਹੰਸ /37
ਚੰਗਾ ਦੋਸਤ ਤੇ ਸਾਹਿਤਕਾਰ /ਜੱਸੀ /38
ਸ਼ਬਦ ਮੰਗਲ : ਸੁਆਗਤ ਹੈ/ਗੁਰਭਜਨ ਗਿੱਲ /39
'ਸ਼ਬਦ ਮੰਗਲ' ਲਈ ਮੰਗਲਕਾਮਨਾ/ਸਤੀਸ਼ ਕੁਮਾਰ ਵਰਮਾ /43
ਦੋ ਸ਼ਬਦ /45
ਡਰ ਦਾ ਆਲਮ /47
ਅੰਬਰ ਜਿਸਨੂੰ ਭਾਲ ਰਿਹਾ /48
ਮੈਂ ਤਾਂ ਲੋਚਾਂ ਬਸ /49
ਜੰਗਲ ਵਿਚ ਜੋ /50
ਇਸ ਜੱਗ ਤੋਂ /51
ਕਲ ਹੀ ਮੌਸਮ ਨੇ /52
ਸੱਚ ਤੋਂ ਦੂਰੀ /53
ਢਲਦੇ ਸੂਰਜ /54
ਹੈ ਇਕੱਲਾ ਰੁੱਖ /55

ਲੰਮਾ ਪੈਂਡਾ /56
ਆਪਣੇ ਗ਼ਮ ਦੀ ਗਾਥਾ /57
ਸੱਚੀ ਗੱਲ /58
'ਕੱਲਾ ਕਾਰਾ ਰਹਿ ਕੇ /59
ਦਿਲ ਦੀ ਜਿਹੜੀ ਨੁੱਕਰੇ /60
ਪਹਿਲਾਂ ਦਿਲ 'ਚੋ /61
ਉਸਨੂੰ ਆਪਣੇ ਮਨ ਦਾ /62
ਹਰ ਵੇਲੇ ਮੁਸਕਾਣ ਦੀ /63
ਖ਼ਬਰੇ ਕਦ ਦਾ /64
ਬੀਤੇ ਤੇ ਨਾ ਝੁਰਿਆ ਕਰ /65
ਜੇ ਇਸ਼ਕ ਦੀ ਬਾਜੀ /67
ਮੈਨੂੰ ਲਗੇ ਬੜਾ ਡਰ /68
ਕੁੜੀ ਕਰਦੀ ਏ /69
ਜੇ ਇਹ ਹੁਸਨ ਲੁਕਾਇਆ /70
ਅਸੀਂ ਕੰਧ ਵਿਚ ਉੱਗੇ ਹੋਏ ਰੁੱਖ /71
ਬਸ ਇਕੋ ਗੱਲ ਆਖਾਂ /72
ਮੁੰਡਾ ਹਾਣ ਦਾ /73
ਨਾ ਉਹ ਪਤਲੀ ਪਤੰਗ /74
ਕਦੇ ਹਸਣਾ ਤੇ ਕਦੇ ਪਾਸਾ ਵੱਟਣਾ /75
ਟੁੱਟ ਗਈਆਂ ਮੇਰੀਆਂ ਵੰਗਾਂ /76
ਸਾਡੇ ਚਾਵਾਂ ਦੀ ਉਮਰ /77
ਇਕ ਅੱਖ ਮਸਤਨੀ /78
ਗੱਲ ਮੇਰੀ ਨੂੰ /80
ਸੋਹਣੇ ਸਿਹਰੇ ਵਾਲਿਆ /81
ਪਰਦੇਸੀ ਹੋਇਆ ਚੰਨ /82
ਕੀ ਸੂਰਜ ਤੇ ਕੀ ਚੰਨ /83
ਗੱਲਾਂ ਗੱਲਾਂ ਵਿਚ /84

ਮਿੱਠੀ ਖ਼ੂਹੀ ਦਾ ਅੰਮ੍ਰਿਤ

ਅਜੋਕੀ ਪੰਜਾਬੀ ਕਵਿਤਾ ਬਹੁਤ ਕੇ ਛੰਦ ਬੱਧਤਾ ਦੀ ਜਕੜ ਤੋਂ ਮੁਕਤ ਹੋਣ ਲਈ ਯਤਨਸ਼ੀਲ ਹੈ ਪਰੰਤੂ ਕਵਿਤਾ ਦਾ ਜੋ ਸਰੂਰ ਛੰਦ-ਬੱਧ ਕਵਿਤਾ ਨੂੰ ਸੁਣ ਕੇ ਜਾਂ ਪੜ੍ਹਕੇ ਆਂਦਾ ਹੈ ਉਸ ਦਾ ਇੱਕ ਆਪਣਾ ਹੀ ਨਸ਼ਾ ਹੈ, ਅਜਿਹਾ ਹੋਣਾ ਵੀ ਲਾਜ਼ਮੀ ਹੈ, ਕਿਉਂਕਿ ਛੰਦ ਕਵਿਤਾ ਦਾ ਸੁਭਾ ਹੈ ਜਾਂ ਕਹਿ ਲਵੋ ਅਨਿਖੜਵਾਂ ਅੰਗ ਹੈ। ਇਸ ਲਈ ਜਦੋਂ ਵੀ ਕੋਈ ਅਜਿਹੀ ਕਵਿਤਾ ਪੜ੍ਹਨ/ ਸੁਣਨ ਨੂੰ ਮਿਲਦੀ ਹੈ ਤਾਂ ਮਨ ਨੂੰ ਇੱਕ ਸਕੂਨ ਮਿਲਦਾ ਹੈ।

ਮੰਗਲ ਮਦਾਨ ਵੀ ਇੱਕ ਅਜਿਹਾ ਹੀ ਸ਼ਾਇਰ ਸੀ ਜਿਸ ਕੋਲ ਗ਼ਜ਼ਲ ਅਤੇ ਗੀਤ ਦੋਹਾਂ ਹੀ ਰੂਪਾਕਾਰਾਂ ਵਿੱਚ ਰਲੇ ਰਹਿਣ ਦਾ ਹੁਨਰ ਸੀ , ਉਸ ਦੀਆਂ ਗ਼ਜ਼ਲਾਂ ਵਿੱਚ ਤਾਜ਼ਗੀ ਹੈ। ਉਸ ਦਾ ਗੱਲ ਕਹਿਣ ਦਾ ਆਪਣਾ ਇੱਕ ਅੰਦਾਜ਼ ਹੈ। ਉਸ ਨੂੰ ਪੜ੍ਹਦਿਆਂ/ਸੁਣਦਿਆਂ ਇਕ ਸਹਿਜਤਾ ਦਾ ਅਹਿਸਾਸ ਹੁੰਦਾ ਹੈ। ਉਸਨੇ ਆਪਣੀਆਂ ਗ਼ਜ਼ਲਾਂ ਆਮ ਤੌਰ 'ਤੇ ਛੋਟੇ ਬਹਿਰ ਵਿੱਚ ਕਹੀਆਂ ਹਨ , ਕੁਝ ਲੋਕਾਂ ਨੂੰ ਇਹ ਭੁਲੇਖਾ ਹੈ ਕਿ ਛੋਟੀ ਬਹਿਰ ਬਸ ਕੇਵਲ ਤੁਕਬੰਦੀ ਹੁੰਦੀ ਹੈ। ਜਦੋਂ ਕਿ ਅਸਲੀਅਤ ਇਹ ਹੈ ਕਿ ਛੋਟੀ ਬਹਿਰ ਵਿੱਚ ਬਮਾਅਨੀ ਸ਼ਿਅਰ ਕਹਿਣਾ ਅਤਿਅੰਤ ਔਖਾ ਕਾਰਜ ਹੈ, ਥੋੜੇ ਜਿਹੇ ਸ਼ਬਦਾਂ ਵਿੱਚ ਬਹੁਤ ਹੀ ਗੰਭੀਰ ਅਤੇ ਪੁਰ ਅਸਰ ਗੱਲ ਕਰਨ ਦਾ ਹੁਨਰ ਮੰਗਲ ਮਦਾਨ ਕੋਲ ਸੀ। ਕੁਝ ਸ਼ਿਅਰ ਵੇਖੋ :

ਸ਼ਕਲੋਂ ਤਾਂ ਇਨਸਾਨ ਜਿਹੇ ਹਾਂ,
ਅਮਲੋਂ ਪਰ ਸ਼ੈਤਾਨ ਜਿਹੇ ਹਾਂ।

ਸਹਿਜੇ ਹੀ ਮਨ ਵਿੱਚ ਇਸ ਅਖਾਣ ਨੂੰ ਉਜਾਗਰ ਕਰ ਦਿੰਦਾ ਹੈ:-

ਸ਼ਕਲ ਮੋਮਨਾਂ/ਕਰਤੂਤ ਕਾਫ਼ਰਾਂ

ਇਸੇ ਹੀ ਗ਼ਜ਼ਲ ਦਾ ਇੱਕ ਹੋਰ ਸ਼ਿਅਰ ਹੈ :

ਜਿਸਨੂੰ ਲੁਟਿਆ ਆਪਣਿਆਂ ਨੇ,
ਭਾਰਤ ਦੇਸ਼ ਮਹਾਨ ਜਿਹੇ ਹਾਂ।

ਇਸ ਤਰ੍ਹਾਂ ਮੰਗਲ ਵਿਅੰਗ ਦਾ ਨਸ਼ਤਰ ਇੰਨੀ ਖ਼ੂਬੀ ਨਾਲ ਚੁੱਭਦਾ ਹੈ, ਕਿ ਸਾਰਾ ਕੁਝ ਹੀ ਮੰਗਲਕਾਰੀ ਹੋ ਜਾਂਦਾ ਹੈ।

ਥੋੜ੍ਹੇ ਤੇ ਸੰਤੁਸ਼ਟੀ ਕਰਨ ਵਾਲੇ ਇਸ ਸ਼ਾਇਰ ਦੀ ਖ਼ਾਹਿਸ਼ ਵੇਖੋ :

ਮੈਂ ਤਾਂ ਲੋਚਾਂ ਬਸ ਇੱਕ ਤਾਰਾ
ਮੈਂ ਕੀ ਕਰਨਾ ਅੰਬਰ ਸਾਰਾ

ਕਿੰਨੀ ਸਾਦਗੀ ਨਾਲ ਇਹ ਪੁਰ ਅਸਰ ਸ਼ਿਅਰ ਕਿਹਾ ਗਿਆ ਹੈ।

ਮੰਗਲ ਮਦਾਨ ਦੇ ਗੀਤ ਵੀ ਅਤਿਅੰਤ ਮਹੱਤਵਪੂਰਨ ਹਨ। ਅਜੋਕੇ ਦੌਰ ਵਿੱਚ ਜਦੋਂ ਕਿ ਕਈ ਗੀਤਕਾਰ ਲੱਚਰਤਾ ਨਾਲ ਪਰਨਾਏ ਗਏ ਹਨ, ਮੰਗਲ

ਮਦਾਨ ਦੇ ਗੀਤਾਂ ਦੀ ਆਪਣੀ ਹੀ ਇੱਕ ਆਭਾ ਹੈ। ਉਸਦੇ ਗੀਤ ਕਿਧਰੇ ਵੀ ਹੋਛੇਪਨ ਦੀ ਵਕਾਲਤ ਕਰਦੇ ਹੋਏ ਪ੍ਰਤੀਤ ਨਹੀਂ ਹੁੰਦੇ। ਉਸਦੇ ਗੀਤਾਂ ਵਿੱਚ ਪਿਆਰ ਦੇ ਸੁੱਚੇ ਅਤੇ ਸਜਰੇ ਅਹਿਸਾਸਾਂ ਦੀ ਬੜੀ ਦਿਲਕਸ਼ ਪੇਸ਼ਕਾਰੀ ਹੋਈ ਹੈ। ਉਸਦੇ ਗੀਤ ਕਿਸੇ ਵੀ ਸਭਿਅਕ ਮਹਿਫ਼ਲ ਦਾ ਸ਼ਿੰਗਾਰ ਬਣਨ ਦੀ ਸ਼ਕਤੀ ਰਖਦੇ ਹਨ।

ਮੰਗਲ ਮਦਾਨ ਦੀ ਕਲਮ ਤੋਂ ਹੋਰ ਵੀ ਵਡੇਰੀਆਂ ਪ੍ਰਾਪਤੀਆਂ ਦੀਆਂ ਆਸਾਂ ਸਨ ਪਰੰਤੂ ਮਿੱਠੀ ਖ਼ੂਹੀ ਦੇ ਇਸ ਅੰਮ੍ਰਿਤ ਨੂੰ ਡੀਕ ਕੇ ਮੌਤ ਵੀ ਜਿਵੇਂ ਅਮਰ ਹੋ ਗਈ ਹੋਵੇ। ਉਹ ਛੇਤੀ ਹੀ ਸਾਥੋਂ ਵਿਛੜ ਗਿਆ, ਤਸੱਲੀ ਦੀ ਗੱਲ ਇਹ ਹੈ ਕਿ ਉਸ ਦੀ ਲਿਖਤ ਨੂੰ ਉਸਦੇ ਸੁਹਿਰਦ ਪੁੱਤਰ ਹਿਰਦੇਪਾਲ ਨੇ ਸੰਭਾਲਣ ਦਾ ਯਤਨ ਕੀਤਾ ਹੈ। ਇਹ ਚੰਗੀ ਗੱਲ ਹੈ। ਅਜਿਹਾ ਹੋਣ ਨਾਲ ਮਿੱਠੀ ਖ਼ੂਹੀ ਦਾ ਇਹ ਅੰਮ੍ਰਿਤ ਕਿੰਨਿਆਂ ਹੀ ਪਿਆਸਿਆਂ/ਅਭਿਲਾਸ਼ੀਆਂ ਦੀ ਜ਼ਿੰਦਗੀ ਨੂੰ ਸ਼ਰਸਾਰ ਕਰਦਾ ਰਹੇਗਾ।

ਤਰਲੋਕ ਸਿੰਘ ਆਨੰਦ (ਡਾ.)
4053, ਅਰਚਨਾ ਭਵਨ,
ਅਰਬਨ ਅਸਟੇਟ, ਫ਼ੇਜ਼-2
ਪਟਿਆਲਾ।

ਮੰਗਲ ਭਾਅ ਜੀ ਨੂੰ ਯਾਦ ਕਰਦਿਆਂ

ਮੇਰੇ ਨਾਨਕੀਂ ਮਲੋਟ ਹਨ। ਮੈਨੂੰ ਮਲੋਟ ਦੀ ਖਿੱਚ ਸਦਾ ਬਣੀ ਰਹਿੰਦੀ। ਨਿੱਕੇ ਹੁੰਦਿਆਂ ਨਾਨਕੀਂ ਬਹੁਤ ਜਾਂਦਾ। ਜਵਾਨੀ ਪਹਿਰੇ ਮੰਗਲ ਭਾਅ ਜੀ ਨਾਲ਼ ਸੰਪਰਕ ਹੋਇਆ ਤਾਂ ਨਾਨਕੀਂ ਜਾਣ ਦਾ ਸਿਰਫ਼ ਬਹਾਨਾ ਹੁੰਦਾ ਤੇ ਦਿਨ-ਰਾਤ ਮੰਗਲ ਭਾਅ ਜੀ ਕੋਲ਼ ਗੁਜ਼ਰਦਾ। ਘੰਟਿਆਂ-ਬੱਧੀ ਉਨ੍ਹਾਂ ਕੋਲ ਬੈਠੇ ਰਹਿਣਾ। ਅੱਜ ਜਦ ਉਨ੍ਹਾਂ ਬਾਰੇ ਕੁੱਝ ਲਿਖਣ ਲੱਗਿਆਂ ਤਾਂ ਪਹਿਲਾ ਸਵਾਲ ਜ਼ਿਹਨ 'ਚ ਇਹੀ ਆਇਆ ਕਿ ਆਖ਼ਿਰ ਕੀ ਰਿਸ਼ਤਾ ਸੀ ਮੇਰਾ ਮੰਗਲ ਭਾਅ ਜੀ ਨਾਲ ਕਿ ਮੈਨੂੰ ਨਾਨਕੇ ਵਿਸਰ ਗਏ ਸਨ ਤੇ ਮੰਗਲ ਭਾਅ ਦਾ ਘਰ ਤੇ ਦੁਕਾਨ ਹੀ ਮੇਰਾ ਸਭ ਕੁੱਝ ਬਣ ਗਿਆ ਸੀ। ਕੀ ਉਹ ਮੇਰੇ ਰਿਸ਼ਤੇਦਾਰ ਸਨ, ਦੋਸਤ-ਮਿੱਤਰ, ਗੁਰੂ ਜਾਂ ਗਾਈਡ ਸਨ.....? ਸ਼ਾਇਦ ਉਹ ਮੇਰਾ ਸਭ ਕੁੱਝ ਸਨ। ਕਦੇ ਮੇਰੇ ਨਾਲ਼ ਰਿਸ਼ਤੇਦਾਰੀ ਵਾਲੀਆਂ ਗੱਲਾਂ ਕਰ ਰਿਸ਼ਤੇਦਾਰੀ ਨਿਭਾਉਂਦੇ, ਕਦੇ ਦੋਸਤ-ਮਿੱਤਰ ਬਣ ਕੇ ਦਿਲ ਦੇ ਸਭੇ ਦੁੱਖ-ਸੁੱਖ ਸਾਂਝੇ ਕਰਦੇ, ਕਦੀ ਗੁਰੂ ਵਾਂਗ ਉਪਦੇਸ਼ ਤੇ ਆਦੇਸ਼ ਦਿੰਦੇ, ਕਦੀ ਗਾਈਡ ਦੀ ਭੂਮਿਕਾ ਨਿਭਾਉਂਦੇ ਮੇਰਾ ਰਾਹ-ਦਸੇਰਾ ਬਣ ਜਾਂਦੇ। ਸਚਮੁੱਚ, ਪੱਕੀ-ਪੀਡੀ ਸਾਂਝ ਸੀ ਅਸਾਡੀ, ਦਿਲਾਂ ਦੀ ਸਾਂਝ।

ਦਿਲਾਂ ਦੀ ਸਾਂਝ ਬਾਰੇ ਇਕ ਰਾਤ ਉਨ੍ਹਾਂ ਗੱਲ ਸੁਣਾਈ, ਜੋ ਮੈਨੂੰ ਹਰਫ਼-ਹਰਫ਼ ਯਾਦ ਹੈ ਤੇ ਸ਼ਾਇਦ ਹਮੇਸ਼ਾਂ ਯਾਦ ਰਹੇਗੀ। ਇੱਕ ਹਲਵਾਈ ਦੀ ਦੁਕਾਨ ਸੀ। ਉਸ ਕੋਲ ਪਿੰਡੋਂ ਕੋਈ ਵਿਅਕਤੀ ਦੁੱਧ ਪਾਉਣ ਆਉਂਦਾ। ਉਹ ਦੁੱਧ ਪਾ ਦਿੰਦਾ ਬਿਨਾਂ ਮਿਣੇ-ਤੋਲੇ ਅਤੇ ਹਲਵਾਈ ਉਸ ਨੂੰ ਗੱਲੇ 'ਚੋਂ ਰੁਪਇਆਂ ਦੀ ਮੁੱਠ ਭਰ ਫੜ੍ਹਾ ਦਿੰਦਾ ਬਿਨਾਂ ਗਿਣਿਆਂ ਤੋਂ। ਕਾਫ਼ੀ ਸਮਾਂ ਇਸੇ ਤਰ੍ਹਾਂ ਚੱਲਦਾ ਰਿਹਾ। ਅਚਾਨਕ ਹਲਵਾਈ ਦੀ ਮੌਤ ਹੋ ਗਈ। ਉਸ ਵਿਅਕਤੀ ਨੂੰ ਵੀ ਕਾਫ਼ੀ ਸਦਮਾ ਲੱਗਿਆ ਪਰ ਜਿਉਣਾ ਤਾਂ ਪੈਂਦਾ ਹੀ ਹੈ। ਕੁੱਝ ਦਿਨਾਂ ਬਾਅਦ ਹਲਵਾਈ ਦਾ ਮੁੰਡਾ ਦੁਕਾਨ 'ਤੇ ਬੈਠਣ ਲੱਗਿਆ। ਉਹੀ ਵਿਅਕਤੀ ਫੇਰ ਦੁੱਧ ਪਾਉਣ ਆਇਆ। ਉਸ ਨੇ ਹਮੇਸ਼ਾਂ ਵਾਂਗ ਦੁੱਧ ਪਲਟਿਆ। ਮੁੰਡਾ ਪੁੱਛਣ ਲੱਗਾ ਕਿ ਕਿੰਨਾਂ ਦੁੱਧ ਤੇ ਕਿੰਨੇ ਪੈਸੇ? ਇਹ ਪ੍ਰਸ਼ਨ ਸੁਣ ਕੇ ਉਹ ਵਿਅਕਤੀ ਇਕਦਮ ਤਾਂ ਬੌਂਦਲ ਜਿਹਾ ਗਿਆ। ਫਿਰ ਸਹਿਜ ਹੁੰਦਿਆਂ ਬੋਲਿਆਂ, "ਪੁੱਤਰਾ! ਨਾ ਮੈਂ ਕਦੇ ਦੁੱਧ ਮਿਣ ਕੇ ਪਾਇਆ ਸੀ ਤੇ ਨਾ ਤੇਰੇ ਬਾਪੂ ਨੇ ਕਦੇ ਪੈਸੇ ਗਿਣ ਕੇ ਦਿੱਤੇ ਸਨ। ਮੈਂ ਜਿੰਨਾਂ ਦੁੱਧ ਪਾਉਣਾ, ਉਸ ਰੱਖ ਲੈਣਾ ਤੇ ਉਸ ਮੁੱਠੀ ਭਰ ਜੋ ਫੜ੍ਹਾ ਦੇਣਾ, ਮੈਂ ਬੋਝੇ ਪਾ ਲੈਣਾ। ਅਸੀਂ ਕਦੇ ਗਿਣਤੀਆਂ-ਮਿਣਤੀਆਂ ਨਹੀਂ ਸੀ ਕੀਤੀਆਂ ਪੁੱਤਰਾ!" ਅਜਿਹੀ ਸਾਂਝ ਦੇ ਮੁੱਦਈ ਸਨ ਮੰਗਲ ਭਾਅ ਜੀ।

ਮੈਨੂੰ ਯਾਦ ਆ ਮੈਨੂੰ ਮੁਕਤਸਰ ਦੇ ਬੀ.ਐੱਡ. ਕਾਲਜ ਵਿੱਚ ਐਡਮੀਸ਼ਨ ਮਿਲੀ। ਮੈਨੂੰ ਉਹ ਕਾਲਜ ਬਿਲਕੁਲ ਪਸੰਦ ਨਹੀਂ ਸੀ। ਮੇਰਾ ਮਨ ਹੀ ਨਹੀਂ ਸੀ ਲੱਗਦਾ ਉਸ ਕਾਲਜ ਵਿੱਚ। ਮੈਂ ਬੀ.ਐੱਡ. ਹਫ਼ਤੇ ਕੁ ਬਾਅਦ ਹੀ ਛੱਡਣ ਦਾ ਫੈਸਲਾ ਕਰ ਲਿਆ। ਮੰਗਲ ਭਾਅ ਜੀ ਕੋਲ ਗਿਆ। ਉਨ੍ਹਾਂ ਨੂੰ ਆਪਣੇ ਫੈਸਲੇ ਬਾਰੇ ਦੱਸਿਆ। ਮੈਂ ਦਿਲੋਂ ਚਾਹੁੰਦਾ ਸੀ ਕਿ ਭਾਅ ਜੀ ਮੇਰੇ ਫੈਸਲੇ ਨੂੰ ਬਿਲਕੁਲ ਠੀਕ ਕਰਾਰ ਦੇਣ ਪਰ ਹੋਇਆ ਉਲਟ। ਉਨ੍ਹਾਂ ਮੈਨੂੰ ਕਾਲਜ ਨਾ ਛੱਡਣ ਬਾਰੇ ਸਮਝਾਇਆ ਪਰ ਮੈਂ ਆਪਣੇ ਫੈਸਲੇ 'ਤੇ ਦ੍ਰਿੜ ਸਾਂ। ਮੈਂ ਆਪਣੇ ਵੱਲੋਂ ਤਰਕ ਦੇ ਰਿਹਾ ਸਾਂ। ਉਨ੍ਹਾਂ ਮੇਰੇ ਸਭ ਤਰਕਾਂ ਦਾ ਤਰਕ ਨਾਲ ਜਵਾਬ ਦਿੱਤਾ। ਅਖੀਰ ਜਦ ਮੈਂ ਨਾ ਮੰਨਿਆਂ ਤਾਂ ਬੜੇ ਸਹਿਜ ਤੇ ਪਿਆਰ ਨਾਲ਼ ਕਿਹਾ ਕਿ ਜੇ ਤੂੰ ਬੀ.ਐੱਡ. ਛੱਡਣੀ ਹੈ ਤਾਂ ਫੇਰ ਮੇਰੇ ਕੋਲ ਕਦੀ ਨਾ ਆਵੀਂ। ਮੈਨੂੰ ਇਕਦਮ ਝਟਕਾ ਜਿਹਾ ਲੱਗਿਆ ਪਰ ਮੈਂ ਕੁੱਝ ਨਾ ਬੋਲਿਆ ਤੇ ਅਗਲੇ ਦਿਨ ਕਾਲਜ ਪਹੁੰਚ ਗਿਆ। ਫੇਰ ਪਤਾ ਨਹੀਂ ਕੀ ਕ੍ਰਿਸ਼ਮਾਂ ਵਾਪਰਿਆ ਕਿ ਕਾਲਜ ਐਨਾ ਮਨ ਲੱਗਿਆ ਕਿ ਕਾਲਜ ਛੱਡਣ ਨੂੰ ਜੀਅ ਨਾ ਕਰੇ, ਸੱਚੀ ਗੱਲ ਤਾਂ ਇਹ ਹੈ ਕਿ ਮੇਰੀ ਸਮੁੱਚੀ ਕਾਲਜ ਜ਼ਿੰਦਗੀ 'ਚੋਂ ਸਭ ਤੋਂ ਬਿਹਤਰੀਨ ਤੇ ਯਾਦਗਰ ਪਲ ਇਸ ਬੀ.ਐੱਡ. ਕਾਲਜ ਦੇ ਹੀ ਹਨ, ਜਿਸ ਨੂੰ ਪੜ੍ਹਾਈ ਪੂਰੀ ਹੋਣ ਉਪਰੰਤ ਛੱਡਣ ਲੱਗਿਆਂ ਬੜਾ ਰੋਇਆ ਸਾਂ। ਅੱਜ ਸੋਚਦਾਂ ਜੇ ਉਸ ਵਕਤ ਭਾਅ ਜੀ ਮੇਰੀ ਹਾਂ 'ਚ ਹਾਂ ਮਿਲਾ ਦਿੰਦੇ ਤਾਂ ਮੇਰਾ ਭਵਿੱਖ ਪਤਾ ਨਹੀਂ ਕਿਹੋ ਜਿਹਾ ਹੋਣਾ ਸੀ। ਅੱਜ ਉਸੇ ਬੀ.ਐੱਡ. ਸਦਕਾ ਮੈਂ ਸਰਕਾਰੀ ਨੌਕਰੀ 'ਚ ਹਾਂ ਤੇ ਖ਼ੂਬਸੂਰਤ ਜ਼ਿੰਦਗੀ ਬਸਰ ਕਰ ਰਿਹਾਂ ਤੇ ਨਾਲ਼-ਨਾਲ਼ ਥੀਏਟਰ ਕਰਕੇ ਆਪਣੇ ਸ਼ੌਂਕ ਨੂੰ ਜੀਵਤ ਰੱਖ ਰਿਹਾ।

ਮੈਂ ਕਾਫ਼ੀ ਸਮਾਂ ਭਾਅ ਜੀ ਨਾਲ਼ ਗੁਜ਼ਾਰਿਆ ਪਰ ਕਦੀ ਉਨ੍ਹਾਂ ਨੂੰ ਗੁੱਸੇ ਹੁੰਦਿਆਂ ਨਹੀਂ ਦੇਖਿਆ। ਮੈਂ ਹਮੇਸ਼ਾਂ ਸੋਚਦਾ ਕਿ ਭਾਅ ਜੀ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਨੇ, ਕਿਸੇ ਦੀ ਗੱਲ 'ਤੇ ਕੋਈ ਗਿਲਾ-ਸ਼ਿਕਵਾ ਹੀ ਨਹੀਂ। ਹਮੇਸ਼ਾ ਹੱਸਦੇ ਰਹਿਣਾ। ਕਦੇ ਭੈਣ ਜੀ ਨੇ ਗੁੱਸੇ ਹੋਣਾ ਤਾਂ ਉਨ੍ਹਾਂ ਅੱਗੋਂ ਹੱਸ ਕੇ ਕੋਈ ਸ਼ਾਇਰਾਨਾ ਗੱਲ ਕਹਿਣੀ ਤੇ ਭੈਣ ਜੀ ਦਾ ਗੁੱਸਾ ਵੀ ਖ਼ਤਮ ਹੋ ਜਾਣਾ। ਸ਼ਾਇਦ ਉਨ੍ਹਾਂ ਦੇ ਇਸ ਹੱਸਮੁਖ ਤੇ ਮਿਲਾਪੜੇ ਸੁਭਾਅ ਸਦਕਾ ਉਨ੍ਹਾਂ ਦੇ ਦੋਸਤਾਂ ਦਾ ਘੇਰਾ ਬੜਾ ਵਿਸ਼ਾਲ ਸੀ। ਗ਼ਰੀਬ ਤੋਂ ਗ਼ਰੀਬ, ਅਮੀਰ ਤੋਂ ਅਮੀਰ, ਅਨਪੜ੍ਹ ਵੀ ਤੇ ਸੂਝਵਾਨ ਵੀ, ਨਿੱਕੇ ਕਲਾਕਾਰ ਤੋਂ ਵੱਡੇ ਕਲਾਕਾਰ ਤੱਕ-ਸਭ ਉਨ੍ਹਾਂ ਦੇ ਦੋਸਤ ਸਨ। ਉਨ੍ਹਾਂ ਦਾ ਘਰ ਤੇ ਦੁਕਾਨ ਕਲਾਕਾਰਾਂ ਲਈ ਮੱਕਾ ਹੀ ਸੀ। ਉਨ੍ਹਾਂ ਦੇ ਤੁਰ ਜਾਣ ਬਾਅਦ ਬੇਸ਼ੱਕ ਮੱਕੇ 'ਤੇ ਰੌਣਕ ਘੱਟ ਗਈ ਹੈ ਪਰ ਉਨ੍ਹਾਂ ਦੀ ਯਾਦ ਹਰ ਦਿਲ ਵਿੱਚ ਵੱਸ ਗਈ ਹੈ। ਹਰ ਕੋਈ ਹਰ ਰੋਜ਼ ਉਨ੍ਹਾਂ ਨੂੰ ਦਿਲੋਂ ਸਿੱਜਦੇ ਕਰਦਾ ਹੈ।

ਕੀਰਤੀ ਕਿਰਪਾਲ

(ਨਾਟ-ਨਿਰਦੇਸ਼ਕ)

ਇੱਕ ਸੀ/ਹੈ ਮੰਗਲ ਮਦਾਨ

ਕਿਸੇ ਪਰਿਵਾਰ 'ਚੋਂ ਜਦੋਂ ਕੋਈ ਜੀਅ ਵਿਛੜ ਜਾਂਦਾ ਹੈ ਤਾਂ ਨਿਆਣੇ ਨਿੱਕੇ, ਵੱਡਿਆਂ ਨੂੰ ਅਕਸਰ ਪੁੱਛਦੇ ਨੇ, ਕਿ ਮਰਨ ਵਾਲਾ ਕਿੱਥੇ ਗਿਆ? ਵੱਡੇ ਉਮਰ ਅਸਮਾਨ ਵੱਲ ਇਸ਼ਾਰਾ ਕਰਕੇ ਆਖਦੇ ਨੇ, 'ਓਥੇ', ਬੱਚੇ ਝਿਲਮਿਲਾਉਂਦੇ ਅਸਮਾਨ 'ਚੋਂ ਕਿਸੇ ਖਾਸ ਤਾਰੇ ਨੂੰ ਆਪਣਾ ਵਿਛੜਿਆ ਜੀਅ ਮਿਥ ਕੇ ਕਾਲਪਨਿਕ ਸੰਸਾਰ ਵਿੱਚ ਗੁਆਚ ਜਾਂਦੇ ਨੇ।

ਪਰ ਕੀ ਸ਼ਾਇਰ ਮੰਗਲ ਮਦਾਨ ਨੂੰ ਇਹ ਸ਼ਿਅਰ ਲਿਖਣ ਵੇਲੇ ਇਲਮ ਸੀ ਕਿ ਉਹ ਏਨੀ ਛੇਤੀ ਵਸਦਾ ਰਸਦਾ ਮੁਹੱਲਾ ਮਿੱਠੀ ਖੂਹੀ ਛੱਡ ਕੇ ਤਾਰਿਆਂ ਵਿੱਚੋਂ ਇੱਕ ਤਾਰੇ ਮੰਗਲ ਗ੍ਰਹਿ ਉੱਤੇ ਅਣਦਿਸਦੀ ਕੋਠੀ ਪਾ ਲਵੇਗਾ?

ਛੱਡ ਮੁਹੱਲਾ ਮਿੱਠੀ ਖੂਹੀ ਮੰਗਲ ਨੇ
ਮੰਗਲ ਗ੍ਰਹਿ 'ਤੇ ਅੱਜਕਲ੍ਹ ਕੋਠੀ ਪਾਈ ਹੈ।

ਹੋ ਸਕਦਾ ਹੈ ਇਹ ਸ਼ਿਅਰ ਮੰਗਲ ਨੇ ਸਹਿਜ ਸੁਭਾ ਲਿਖਿਆ ਹੋਵੇ, ਫੇਰ ਵੀ ਮੈਨੂੰ ਲਗਦੈ ਉਹਨੂੰ ਇਹ ਦੁਨੀਆਂ ਏਨੀ ਛੇਤੀ ਛਡ ਜਾਣ ਦੀ ਅਣਜਾਣੀ ਸੋਝੀ ਜ਼ਰੂਰ ਸੀ। ਏਨੇ ਜਿੰਦਾਦਿਲ ਇਨਸਾਨ ਦਾ ਵਿਛੋੜਾ ਪਰਿਵਾਰ ਵਾਲਿਆਂ ਕਿਵੇਂ ਝੱਲਿਆ ਹੋਵੇਗਾ, ਇਹ ਸੋਚ ਸਮਝ ਤੋਂ ਪਰ੍ਹੇ ਦੀ ਗੱਲ ਹੈ। ਉਸ ਵੇਲੇ ਰਿਸ਼ੀ ਹੋਰੀਂ ਵੀ ਏਨੇ ਮਾਸੂਮ ਨਹੀਂ ਸਨ ਕਿ ਉਨ੍ਹਾਂ ਨੂੰ ਤਾਰਿਆਂ ਵੱਲ ਇਸ਼ਾਰਾ ਕਰਕੇ ਵਰਜਾਇਆ ਜਾ ਸਕਦਾ।

ਅੱਜ ਵੀ ਮੰਗਲ ਮਦਾਨ ਆਪਣੀਆਂ ਗ਼ਜ਼ਲਾਂ 'ਤੇ ਗੀਤਾਂ ਕਾਰਨ ਸਾਡੇ ਦਰਮਿਆਨ ਜਿਉਂਦਾ ਹੈ। ਮਲੋਟ ਦਾ ਨਾਂ ਆਉਂਦਿਆਂ ਹੀ ਉਹਦੇ ਮਿੱਤਰ ਪਿਆਰਿਆਂ ਤੇ ਪਾਠਕਾਂ ਨੂੰ ਮੰਗਲ ਚੇਤੇ ਆਉਂਦਾ ਹੈ ਅਤੇ ਚੇਤੇ ਆਉਂਦੇ ਨੇ ਉਸਦੇ ਖ਼ੂਬਸੂਰਤ ਸ਼ਿਅਰ ਅਤੇ ਸਦਾਬਹਾਰ ਗੀਤ। ਉਸਦੇ ਰਿਕਾਰਡ ਹੋਏ ਗੀਤ ਗ਼ਜ਼ਲਾਂ ਵੀ ਬੜੇ ਮਕਬੂਲ ਹੋਏ, ਉਸਦੀਆਂ ਰਚਨਾਵਾਂ ਵਿੱਚ ਰਵਾਇਤੀ ਪਿਆਰ ਮੁਹੱਬਤ ਨਾਲ ਸੰਬੰਧਤ ਗਿਲੇ ਗੁਜ਼ਾਰੀਆ ਤੋਂ ਇਲਾਵਾ ਸਾਡੇ ਸਮਾਜ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵੀ ਲੋਕ-ਰੰਗ ਦੀ ਪੁੱਠ ਦੇ ਕੇ ਸਰਲ ਕਾਵਿ-ਅੰਦਾਜ਼ ਵਿੱਚ ਛੋਹਿਆ ਗਿਆ ਹੈ। ਉਸਦੀ ਅਰਥ ਭਰਪੂਰ ਸਹਿਜ ਭਾਸ਼ਾ ਪਾਠਕ/ਸਰੋਤੇ ਦਾ ਧਿਆਨ ਖਿਚਦੀ ਹੈ ਅਤੇ ਸੁਰੀਲੇ ਬੋਲ ਪੜ੍ਹਨ ਸੁਣਨ ਵਾਲੇ ਦੇ ਧੁਰ ਅੰਦਰ ਲਹਿੰਦੇ ਜਾਂਦੇ ਹਨ। ਏਹੀ ਕਿਸੇ ਚੰਗੀ ਰਚਨਾ ਦੀ ਸ਼ਕਤੀ ਹੁੰਦੀ ਹੈ। ਮੰਗਲ ਮਦਾਨ ਦੀ ਬੁਲੰਦ ਸ਼ਿਅਰਕਾਰੀ ਦੀਆਂ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ।

ਅੰਬਰ ਜਿਸਨੂੰ ਭਾਲ ਰਿਹਾ ਕੱਲ ਸਾਰੀ ਰਾਤ
ਚੰਨ ਉਹ ਸਾਡੇ ਨਾਲ ਰਿਹਾ ਕੱਲ ਸਾਰੀ ਰਾਤ

ਪਰ ਮੇਰੇ ਕਟ ਕੇ ਨਾ ਸੋਚੇ ਉਡਣਾ ਭੁੱਲ ਜਾਵਾਂਗਾ
ਮੈਂ ਤਾਂ ਐਸਾ ਸੋਚ ਪਰਿੰਦਾ ਜੋ ਉੱਡੇ ਬਾਝ ਪਰਾਂ

ਤੁਰਿਆ ਨਾ ਕਰ ਬਣਿਆ ਰਾਹਾਂ 'ਤੇ ਹਰਦਮ
ਵੱਖਰਾ ਰਾਹ ਬਣਾਉਣ ਦੀ ਕੋਸ਼ਿਸ਼ ਕਰਿਆ ਕਰ

ਉਸਨੂੰ ਆਪਣੇ ਮਨ ਦਾ ਪਾਲਾ ਮਾਰ ਰਿਹਾ
ਤਾਂ ਹੀ ਪੁਲ ਨੂੰ ਸਮਝ ਉਹ ਇੱਕ ਦੀਵਾਰ ਰਿਹਾ

ਖ਼ਬਰੇ ਕਦ ਦਾ ਵਰਕਾ ਵਰਕਾ ਹੋ ਜਾਂਦਾ
ਰਖਿਆ ਸਾਬਤ ਮੇਰਾ ਬਾਰ ਕਿਤਾਬਾਂ ਨੇ

ਅਜਿਹੇ ਸ਼ਿਅਰਾਂ ਨਾਲ ਉਸਦਾ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਸਮਝ ਆਉਂਦਾ ਹੈ। ਉਹ ਮਿੱਤਰਾਂ ਲਈ ਸਦਾ ਖੁੱਲੇ ਕਲਾਵੇ ਵਾਲਾ ਇਨਸਾਨ, ਟੱਬਰ ਦੀ ਉਪਜੀਵਕਾ ਚਲਾਉਣ ਲਈ ਸਿਰੜੀ ਮਿਹਨਤਕਸ਼ ਜੀਵ, ਆਪਣੀਆਂ ਰਚਨਾਵਾਂ ਵਿੱਚ ਵੀ ਓਨਾ ਹੀ ਨਿਰਮਲ ਤੇ ਨਿਰਛਲ ਨਜ਼ਰ ਆਉਂਦਾ ਹੈ।

ਮੰਗਲ ਨੂੰ ਢਹਿੰਦੀਆਂ ਕਲਾਂ ਦੇ ਅਰਥ ਨਹੀਂ ਸਨ ਆਉਂਦੇ, ਜਿੰਨੀ ਕੁ ਅਉਧ ਹੰਢਾਈ, ਹਜ਼ਾਰਾਂ ਔਕੜਾਂ ਦੇ ਬਾਵਜੂਦ ਸ਼ਾਨ ਨਾਲ ਹੰਢਾਈ। ਸਾਹਿਤ ਨੇ ਹਰ ਔਖੀ ਘੜੀ ਉਸਦਾ ਮਾਰਗਦਰਸ਼ਨ ਕੀਤਾ ਅਤੇ ਸ਼ਾਇਰੀ ਉਸਨੂੰ ਬਿਨ ਪਰੋਂ ਉਡਾਈ ਫਿਰਦੀ ਸੀ। ਉਹ ਮਲੋਟ ਅਤੇ ਆਲੇ ਦੁਆਲੇ ਦੀਆਂ ਸਾਹਿਤਿਕ ਸੱਭਿਆਚਾਰਕ ਸਰਗਰਮੀਆਂ ਦੀ ਚੂਲ ਸੀ।

ਇਹ ਖ਼ੁਸ਼ਨਸੀਬੀ ਕਿਸੇ ਕਿਸੇ ਅਦੀਬ ਦੇ ਹਿੱਸੇ ਹੀ ਆਉਂਦੀ ਹੈ ਕਿ ਉਸਦੀ ਔਲਾਦ ਵੀ ਸਾਹਿਤ ਕਲਾ ਦੀ ਪ੍ਰੇਮੀ ਹੋਵੇ। ਇਸ ਪੱਖੋਂ ਮੰਗਲ ਮਦਾਨ ਬੜਾ ਖ਼ੁਸ਼ਕਿਸਮਤ ਰਿਹਾ। ਉਸਦਾ ਪੁੱਤਰ ਰਿਸ਼ੀ ਹਿਰਦੇਪਾਲ ਸ਼ਾਇਰੀ ਨਾਲ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੈ ਅਤੇ ਪਿਤਾ ਦੀ ਵਿਰਾਸਤ ਨੂੰ ਆਦਰ ਸਾਹਿਤ ਸਾਂਭ ਕੇ ਉਸ ਵਿੱਚ ਵਾਧਾ ਕਰ ਰਿਹਾ ਹੈ। ਇਹ ਪੁਸਤਕ 'ਸ਼ਬਦ-ਮੰਗਲ' ਸੰਪਾਦਿਤ ਕਰਕੇ ਉਸਨੇ ਆਪਣੇ ਸ਼ਾਇਰ ਪਿਤਾ ਮੰਗਲ ਮਦਾਨ ਦੀ ਕਲਾਕਾਰੀ ਨੂੰ ਸਦਾ ਸਦਾ ਲਈ ਜਿਉਂਦਾ ਰੱਖ ਲਿਆ ਹੈ। ਉਮੀਦ ਹੈ ਪੰਜਾਬੀ ਪਾਠਕ ਮਰਹੂਮ ਸ਼ਾਇਰ ਮੰਗਲ ਮਦਾਨ ਦੀ ਸ਼ਾਇਰੀ ਨੂੰ ਆਪਣੇ ਹਿਰਦਿਆਂ ਵਿੱਚ ਯੋਗ ਥਾਂ ਦੇਣਗੇ।

-ਜਸਵਿੰਦਰ

ਬੜਾ ਰੋਇਆ ਸੀ ਦਿਲ ਮੇਰਾ...

ਕੁਝ ਲੋਕ ਏਨੇ ਖ਼ੂਬਸੂਰਤ ਹੁੰਦੇ ਹਨ ਕਿ ਉਹ ਦੁਨੀਆਂ ਤੋਂ ਜਾ ਕੇ ਹਮੇਸ਼ਾ ਤੁਹਾਡੇ ਅੰਗਸੰਗ ਰਹਿੰਦੇ ਨੇ। ਮਹਿਕਾਂ ਵਾਂਗ ਹਮੇਸ਼ਾ ਤੁਹਾਡੇ ਨਾਲ-ਨਾਲ ਰਹਿੰਦੇ ਨੇ, ਆਪਣੇ ਗੁਣਾਂ ਕਰਕੇ, ਆਪਣੀ ਮੁਹੱਬਤ ਤੇ ਆਪਣੇ ਮੋਹ ਭਰੇ ਬੋਲਾਂ ਕਰਕੇ। ਇੰਨਬਿੰਨ ਏਦਾਂ ਦਾ ਹੀ ਇੱਕ ਬਹੁਤ ਹੀ ਪਿਆਰਾ ਸ਼ਖ਼ਸ ਸੀ-ਮੰਗਲ, ਜਿਸਨੂੰ ਸਾਹਿਤਕ ਹਲਕਿਆਂ ਵਿੱਚ ਮੰਗਲ ਮਦਾਨ ਦੇ ਨਾਂਅ ਨਾਲ ਜਾਣਿਆ ਜਾਂਦਾ ਸੀ। ਏਨੀਆਂ ਸੋਹਣੀਆਂ ਤੇ ਬੜੇ ਹੀ ਖ਼ੂਬਸੂਰਤ ਗੀਤ ਕਹਿਣ ਵਾਲਾ ਤੇ ਬਹੁਤ ਹੀ ਮੁਹੱਬਤੀ ਇਨਸਾਨ ਮੰਗਲ ਮਦਾਨ ਸਾਨੂੰ ਏਨੀ ਜਲਦੀ ਛੱਡਕੇ ਕਿਸੇ ਹੋਰ ਦੁਨੀਆਂ ਦਾ ਵਾਸੀ ਹੋ ਜਾਵੇਗਾ, ਇਹ ਕਦੇ ਸੁਪਨੇ ਵਿੱਚ ਵੀ ਨਹੀਂ ਸੀ ਸੋਚਿਆ। ਮੰਗਲ ਨੇ ਇਹ ਗ਼ਜ਼ਲ :-

ਬੜਾ ਰੋਇਆ ਸੀ ਦਿਲ ਮੇਰਾ
ਤੇਰੇ ਤੁਰ ਜਾਣ ਦੇ ਮਗਰੋਂ।

ਪਤਾ ਨਹੀਂ ਕਿੰਨ੍ਹਾਂ ਹਲਾਤਾਂ ਵਿੱਚ ਲਿਖੀ ਹੋਵੇਗੀ ਪਰ ਉਸਦੇ ਤੁਰ ਜਾਣ ਤੋਂ ਮਗਰੋਂ ਉਹ ਕਿਹੜਾ ਮਿੱਤਰ ਸੀ ਜਾਂ ਕੋਈ ਉਸਦਾ ਪਾਠਕ ਸੀ ਕਿ ਜਿਸਦੀ ਅੱਖ ਨਮ ਨਾ ਹੋਈ ਹੋਵੇ। ਉਸਦੇ ਤੁਰ ਜਾਣ ਬਾਅਦ ਸ਼ਬਦਾਂ ਦੇ ਸੁਰਾਂ ਨਾਲ ਜੁੜਿਆ ਹਰ ਸ਼ਖ਼ਸ ਰੋਏ ਬਿਨਾ ਨਹੀਂ ਰਹਿ ਸਕਿਆ।

ਨਿੱਤ ਦਿਹਾੜੇ ਦੁਨੀਆਂ 'ਚੋਂ ਹਜ਼ਾਰਾਂ ਹੀ ਲੋਕ ਚਲਦੇ ਬਣਦੇ ਨੇ ਪਰ ਜਦੋਂ ਮੌਤ-ਰਾਣੀ ਮੰਗਲ ਵਰਗੇ ਟਹਿਕਦੇ ਗੁਲਾਬ ਨੂੰ ਤੋੜਦੀ ਹੈ ਤਾਂ ਸੱਚ ਜਾਣਿਉਂ ਉਦੋਂ ਗਲੀਆਂ ਦੇ ਕੱਖ ਵੀ ਧਾਹਾਂ ਮਾਰਕੇ ਰੋਂਦੇ ਨੇ।

ਮੰਗਲ ਦਾ ਜੋਬਨ ਰੁੱਤੇ ਤੁਰਨਾ ਸਾਡੇ ਸਾਰਿਆਂ ਲਈ ਜ਼ਿੰਦਗੀ ਦਾ ਇੱਕ ਬਹੁਤ ਹੀ ਵੱਡਾ ਹਾਦਸਾ ਸੀ ਪਰ ਬਸ਼ੀਰ ਬਦਰ ਦਾ ਇਹ ਸ਼ੇਅਰ ਹੌਸਲਾ ਵੀ ਦਿੰਦਾ ਰਿਹਾ :-

ਵੋ ਆਪਣੇ ਘਰ ਚਲਾ ਗਯਾ,
ਅਫ਼ਸੋਸ ਮਤ ਕਰੋ।
ਇਤਨਾ ਹੀ ਉਸਕਾ ਸਾਥ ਥਾ,
ਅਫ਼ਸੋਸ ਮਤ ਕਰੋ।

ਮੈਨੂੰ ਉਹ ਖ਼ੂਬਸੂਰਤ ਦਿਨ ਚੰਗੀ ਤਰ੍ਹਾਂ ਯਾਦ ਹੈ ਜਦੋਂ ਮੰਗਲ ਭਾ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ ਸੀ। ਅਬੋਹਰ ਦੇ ਸਾਹਿਤ-ਸਦਨ ਵਿੱਚ ਡੀ.ਏ.ਵੀ. ਕਾਲਿਜ ਵੱਲੋਂ ਨਾਟਕ-ਮੇਲਾ ਤੇ ਗੀਤ-ਸੰਗੀਤ ਪ੍ਰੋਗਰਾਮ ਸੀ। ਪ੍ਰੋ: ਗੁਰਰਾਜ ਚਹਿਲ, ਪ੍ਰੋ: ਢਿੱਲੋਂ, ਪ੍ਰੋ: ਗੋਂਦਾਰਾ, ਪ੍ਰੋ: ਭੁੱਲਰ ਤੇ ਹੋਰ ਮਿੱਤਰ ਇਸ ਪ੍ਰੋਗਰਾਮ ਦੇ ਪ੍ਰਬੰਧਕ ਸਨ। ਸ਼ਾਮ ਢਲਦੇ ਹੀ ਗਾਇਕੀ ਦਾ ਪ੍ਰੋਗਰਾਮ ਸ਼ੁਰੂ ਹੋਇਆ। ਇਸ ਵਿੱਚ ਹਾਕਮ ਸੂਫੀ, ਤਰਲੋਕ ਸਿੰਘ, ਨੈਬੀ, ਸਤਪਾਲ ਭੁੰਦੜ, ਸੁਭਾਸ਼ ਦੁੱਗਲ, ਅਸ਼ੋਕ ਮਸਤੀ ਤੇ ਮੈਂ ਸ਼ਾਮਿਲ ਸਾਂ। ਸਰੋਤਿਆਂ ਨੇ ਸਾਰੇ ਕਲਾਕਾਰਾਂ ਨੂੰ ਏਨਾ ਪਸੰਦ ਕੀਤਾ ਕਿ ਹਰ ਕਲਾਕਾਰ ਹੋਰ ਸੁਣਾਓ, 'ਹੋਰ ਸੁਣਾਓ' ਦੀਆਂ ਫਰਮਾਇਸ਼ਾਂ ਹੋ ਰਹੀਆਂ ਸਨ। ਵਿਦਿਆਰਥੀ/ਵਿਦਿਆਰਥਣਾਂ ਮਸਤੀ ਵਿੱਚ ਗੀਤਾਂ ਦੇ ਨਾਲ-ਨਾਲ ਨੱਚ ਰਹੇ ਸਨ। ਪ੍ਰੋਗਰਾਮ ਤੋਂ ਬਾਅਦ ਰਾਤ ਦਾ ਖਾਣਾ ਨਜ਼ਦੀਕ ਹੀ ਇੱਕ ਹੋਟਲ ਵਿੱਚ ਸੀ। ਹੋਟਲ ਵਿੱਚ ਵਾਸ਼-ਬੇਸਨ 'ਤੇ ਖੜ੍ਹਾ ਮੈਂ ਹੱਥ ਧੋ ਰਿਹਾ ਸਾਂ ਕਿ ਪਿੱਛੋਂ ਆਕੇ ਕਿਸੇ ਨੇ ਮੈਨੂੰ ਆਪਣੀ ਗਲਵੱਕੜੀ ਵਿੱਚ ਭਰ ਲਿਆ। ਮੈਂ ਪਰਤਕੇ ਦੇਖਿਆ ਤਾਂ ਇੱਕ ਬਹੁਤ ਹੀ ਖ਼ੂਬਸੂਰਤ ਸ਼ਖ਼ਸ ਮੇਰੇ ਵੱਲ ਦੇਖਕੇ ਮਿੰਨ੍ਹਾ-ਮਿੰਨ੍ਹਾ ਮੁਸਕਰਾ ਰਿਹਾ ਸੀ। ਪਟਿਆਲਾ ਸ਼ਾਹੀ ਪੱਗ, ਗੋਰਾ ਨਿਸ਼ੋਹ ਰੰਗ, ਹੱਸਦੀਆਂ ਅੱਖਾਂ ਤੇ ਉੱਤੋਂ ਮੋਹ ਭਰੀ ਗਲਵੱਕੜੀ। ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ, ਉਹ ਬੋਲਿਆ, ਨਿੱਕੇ ਵੀਰ ਮੈਂ ਮੰਗਲ ਹਾਂ ਮੰਗਲ ਮਦਾਨ, ਅੱਜ ਤੇਰਾ ਗੀਤ "ਮਾਏ ਨੀ ਮੇਰਾ ਅੱਲਾ ਵੀ ਓ", ਸੁਣਕੇ ਮਨ ਝੂਮ ਉੱਠਿਆ। ਕਾਕਾ ਤੂੰ ਲਿਖਦਾ ਵੀ ਵਧੀਆ ਏਂ, ਤੇ ਤੇਰੀ ਆਵਾਜ਼ ਵਿੱਚ ਵੀ ਦਮ ਹੈ।"

ਮੈਂ ਪਹਿਲਾਂ ਹੀ ਮੰਗਲ ਮਦਾਨ ਦਾ ਨਾਮ ਚੰਗੀ ਤਰ੍ਹਾਂ ਸੁਣਿਆ ਹੋਇਆ ਸੀ। ਮਲੋਟ ਵਾਲਾ ਨਿਰਮਲ ਨਿੰਮਾ ਉਸਦੇ ਗੀਤ ਗਾਉਂਦਾ ਤਾਂ ਸਾਨੂੰ ਸਾਰੇ ਮਿੱਤਰਾਂ ਨੂੰ ਉਹ ਗੀਤ ਬਹੁਤ ਹੀ ਚੰਗੇ ਲਗਦੇ। ਗੀਤਾਂ ਦੇ ਬੋਲ ਸਾਡੇ ਦਿਲਾਂ ਵਿੱਚ ਲਹਿ ਜਾਂਦੇ।

ਉਹਨਾਂ ਗੀਤ ਦੇ ਬੋਲ ਜ਼ਿਹਨ ਵਿੱਚ ਅੱਜ ਵੀ ਤਰੋ-ਤਾਜ਼ਾ ਨੇ-

ਮਾਹੀਆ ਵੇ ਮੈਨੂੰ ਮੁੰਦਰੀ ਘੜਾਦੇ
ਮੁੰਦਰੀ ਘੜਾਦੇ
ਵਿੱਚ ਸੋਨੇ ਦਾ ਨਗ ਜੜਵਾਦੇ
ਮਾਹੀਆ ਵੇ... ...

ਮੁੰਦਰੀ ਇਹ ਪਾਕੇ ਵੇ ਮੈਂ
ਗਿੱਧੇ ਵਿੱਚ ਨੱਚਣਾ
ਮੇਰੀਆਂ ਸਹੇਲੀਆਂ ਨੇ
ਹੋਰ ਵੀ ਹੈ ਮੱਚਣਾ
ਮੱਚਦੀਆਂ ਨੂੰ ਤੂੰ ਹੋਰ ਮਚਾਦੇ

ਮਾਹੀਆ ਵੇ... ...

ਮੰਗਲ ਦੇ ਇਹ ਗੀਤ ਜਦੋਂ ਮੈਂ ਕਾਲਿਜ ਦੀ ਸਟੇਜ 'ਤੇ ਗਾਉਂਦਾ ਤਾਂ ਇਉਂ ਲੱਗਦਾ ਜਿਵੇਂ ਸਾਰਾ ਹੀ ਕਾਲਿਜ ਝੂੰਮਣ ਲੱਗ ਪਿਆ ਹੋਵੇ। ਵਿਦਿਆਰਥੀ/ ਵਿਦਿਆਰਥਣਾਂ ਦੀ ਗੱਲ ਤਾਂ ਦੂਰ ਰਹੀ ਸਾਡੇ ਪ੍ਰਿੰਸੀਪਲ ਸਾਹਿਬ, ਪ੍ਰੋ: ਲੋਕਨਾਥ, ਪ੍ਰੋ: ਜਗੀਰ ਸਿੰਘ ਕਾਹਲੋਂ, ਮੈਡਮ ਰਾਜਬੀਰ ਕੌਰ ਤੇ ਹੋਰ ਟੀਚਰ ਵੀ ਇਹਨਾਂ ਗੀਤਾਂ ਨਾਲ ਝੂੰਮਦੇ ਮੈਂ ਖ਼ੁਦ ਤੱਕੇ। ਜਦੋਂ ਵੀ ਮਿੱਤਰਾਂ ਦੀ ਫਰਮਾਇਸ਼ ਤੇ ਮੈਂ ਮੰਗਲ ਦਾ ਕੋਈ ਵੀ ਗੀਤ ਛੇੜਦਾ ਤਾਂ ਮੈਨੂੰ ਲੱਗਦਾ ਜਿਵੇਂ ਮੰਗਲ ਵੀ ਮੇਰੇ ਨਾਲ-ਨਾਲ ਤੁਰਦਾ ਹੋਵੇ।

—o—

ਹੋਟਲ ਵਿੱਚ ਖੜ੍ਹੇ-ਖੜ੍ਹੇ ਨੇ ਮੈਂ ਮੰਗਲ ਭਾਅ ਨੂੰ ਦੱਸਿਆ ਕਿ ਮੈਂ ਤਾਂ ਤੁਹਾਡਾ ਬਹੁਤ ਵੱਡਾ ਫੈਨ ਹਾਂ। ਸਾਰੀ ਕਹਾਣੀ ਬਿਆਨ ਕੀਤੀ ਤਾਂ ਮੰਗਲ ਨੇ ਮੈਨੂੰ ਫਿਰ ਆਪਣੀ ਨਿੱਘੀ ਗਲਵੱਕੜੀ ਵਿੱਚ ਭਰ ਲਿਆ। ਮੈਨੂੰ ਉਸ ਵਕਤ ਇੰਜ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ 'ਸੱਚੇ-ਸੁੱਚੇ ਸ਼ਬਦਾਂ' ਨੇ ਮੈਨੂੰ ਆਪਣੇ ਕਲਾਵੇ ਵਿੱਚ ਭਰ ਲਿਆ ਹੋਵੇ। ਉਸ ਤੋਂ ਬਾਅਦ ਹੋਰ ਵੀ ਬਹੁਤ ਖ਼ੂਬਸੂਰਤ ਗੱਲਾਂ ਹੁੰਦੀਆਂ ਰਹੀਆਂ। ਸ਼ਹਿਰ ਵੀ ਸਾਡੇ ਨਾਲੋਂ ਨਾਲ ਹੀ ਸਨ, ਮੰਗਲ ਹੁਰੀਂ ਮਲੋਟ ਤੇ ਮੈਂ ਮੁਕਤਸਰ। ਸਿਰਫ਼ 30-32 ਕਿਲੋਮੀਟਰ ਦੀ ਦੂਰੀ।

—o—

ਮੰਗਲ ਭਾਅ ਦੀ ਮੁਹੱਬਤ ਨਾਲ ਜੁੜਿਆ ਇੱਕ ਹੋਰ ਦ੍ਰਿਸ਼ ਯਾਦ ਆਉਂਦਾ ਹੈ। ਸਾਡੇ ਸ਼ਹਿਰ ਮੁਕਤਸਰ ਵਿੱਚ ਪ੍ਰੋ: ਜਗਦੀਸ਼ ਗਰਗ ਵੱਲੋਂ ਪਾਇਲ ਥੀਏਟਰ ਵਿੱਚ ਨਾਟਕ-ਮੇਲਾ ਤੇ ਗੀਤ-ਸੰਗੀਤ ਪ੍ਰੋਗਰਾਮ ਰੱਖਿਆ ਸੀ। ਉਸ ਬਾਰੇ ਪ੍ਰੋਗਰਾਮ ਵਿੱਚ ਸਾਨੂੰ ਗਿਟਾਰ ਵਾਲੇ ਸਾਜ਼ਿੰਦੇ ਦੀ ਸ਼ਖ਼ਤ ਜ਼ਰੂਰਤ ਸੀ। ਉਦੋਂ ਨੇੜੇ-ਤੇੜੇ ਗਿਟਾਰ ਦੇ ਮਾਹਿਰ ਹਰਦੇਵ ਭਾਅ ਜੀ ਹੀ ਸਨ, ਜਿਹੜੇ ਮਲੋਟ ਹੀ ਰਹਿੰਦੇ ਸਨ।

ਮੈਨੂੰ ਉਹ ਦਿਨ ਚੰਗੀ ਤਰ੍ਹਾਂ ਯਾਦ ਹੈ। ਮੈਂ ਤੇ ਨੈਬੀ ਬੱਸ ਚੜ੍ਹੇ ਤੇ ਜਾ ਵੱਜੇ ਮਲੋਟ, ਸਿੱਧਾ ਹਰਦੇਵ ਹੁਰਾਂ ਦੇ ਘਰ। ਅਗਾਹਾਂ ਹਰਦੇਵ ਭਾ ਦੇ ਘਰ ਪੂਰੀ ਮਹਿਫ਼ਿਲ ਭਖੀ ਹੋਈ ਸੀ। ਹਾਕਮ ਸੂਫ਼ੀ, ਮੰਗਲ ਤੇ ਹਰਦੇਵ ਸ਼ਬਦਾਂ ਤੇ ਸੁਰਾਂ ਵਿੱਚ ਗੁਆਚੇ ਹੋਏ ਸਨ। ਸਾਨੂੰ ਦੋਹਾਂ ਨੂੰ ਦੇਖਕੇ ਉਹਨਾਂ ਨੂੰ ਚਾਅ ਚੜ੍ਹ ਗਿਆ ਤੇ ਸੂਫ਼ੀ ਸਾਹਿਬ ਬੋਲੇ, "ਆਓ ਵੀ ਮੁਕਤਸਰ ਆਲਿਓ ਕਿਵੇਂ ਆਉਣਾ ਹੋਇਆ।" ਸਾਰੀ ਗੱਲ ਦੱਸੀ ਤਾਂ ਮੰਗਲ ਭਾ ਕਹਿਣ ਲੱਗਾ, "ਗੱਲ ਕੋਈ ਨਈ ਨਿੱਕਿਓ, ਹਰਦੇਵ ਤੁਹਾਡੇ ਫੰਕਸ਼ਨ 'ਤੇ ਐਨ ਟੈਮ 'ਤੇ ਪਹੁੰਚ ਜਾਵੇਗਾ।" ਮੰਗਲ ਦੇ ਇਹਨਾਂ ਬੋਲਾਂ ਨੇ ਸਾਨੂੰ ਹੌਂਸਲੇ ਵਿੱਚ ਕਰ ਦਿੱਤਾ ਤੇ ਸਾਡੀ ਸਾਰੀ ਚਿੰਤਾ ਹਵਾ ਹੋ ਗਈ। ਹਰਦੇਵ ਹੁਰਾਂ ਨੇ ਹਾਮੀ ਭਰੀ ਤਾਂ ਅਸੀਂ ਹੋਰ ਵੀ ਖ਼ੁਸ਼ ਹੋ ਗਏ। ਕਿਉਂਕਿ ਉਹਨਾਂ ਦਿਨਾਂ ਵਿੱਚ ਹਰਦੇਵ ਭਾਅ ਬਹੁਤ ਹੀ ਬਿਜ਼ੀ ਸਨ ਤੇ ਉਨਾਂ ਕੋਲ ਟਾਈਮ ਘੱਟ ਵੱਧ ਹੀ ਹੁੰਦਾ ਸੀ। ਗੱਲਾਂ ਕਰਦਿਆਂ-ਕਰਦਿਆਂ ਪਤਾ ਈ ਨੀ ਲੱਗਿਆ ਕਿ ਬਾਹਰ ਡੂੰਘੀ

ਸ਼ਾਮ ਉੱਤਰ ਆਈ ਏ। ਉਹਨਾਂ ਦਿਨਾਂ ਵਿੱਚ ਹਾਲਾਤ ਬਹੁਤ ਹੀ ਖਰਾਬ ਸਨ ਤੇ ਬੱਸਾਂ ਸਮੇਂ ਸਿਰ ਆਪੋ-ਆਪਣੇ ਟਿਕਾਣਿਆਂ 'ਤੇ ਪਹੁੰਚ ਜਾਂਦੀਆਂ ਸਨ। ਟਾਈਮ ਦੇਖਿਆ ਤਾਂ ਅਸੀਂ ਇਕਦਮ ਖੜ੍ਹੇ ਹੋ ਗਏ ਤੇ ਉਹਨਾਂ ਤੋਂ ਆਗਿਆ ਮੰਗੀ ਤੇ ਸਾਡੇ ਨਾਲ ਹੀ ਮੰਗਲ ਭਾ ਵੀ ਖੜ੍ਹਾ ਹੋ ਗਿਆ ਤੇ ਕਹਿਣ ਲੱਗਾ, "ਮੈਂ ਛੱਡਦਾ ਹਾਂ ਥੋਨੂੰ ਬੱਸ ਅੱਡੇ।" ਮੈਨੂੰ ਯਾਦ ਹੈ ਕਿ ਪੂਰਾ ਇੱਕ ਘੰਟਾ ਅਸੀਂ ਬੱਸ ਅੱਡੇ ਤੇ ਖੜ੍ਹੇ ਰਹੇ ਨਾ ਤਾਂ ਕੋਈ ਬੱਸ ਅਬੋਹਰ ਵਾਲੇ ਪਾਸਿਓਂ ਆਵੇ ਤੇ ਨਾ ਹੀ ਡੱਬਵਾਲੀ ਪਾਸਿਓਂ। ਉੱਤੋਂ ਮਾਹੌਲ ਖਰਾਬ। ਅਸੀਂ ਥੋੜ੍ਹਾ ਜਿਹਾ ਸਹਿਮੇ ਜ਼ਰੂਰ ਸਾਂ ਪਰ ਮੰਗਲ ਭਾਅ ਸਾਡੇ ਨਾਲ ਸੀ, ਇਸ ਲਈ ਹੌਂਸਲੇ ਵਿੱਚ ਵੀ ਸਾਂ। ਬੱਸ ਆਉਣ ਦਾ ਕੋਈ ਪਤਾ ਨਹੀਂ ਸੀ ਤੇ ਮੰਗਲ ਭਾਅ ਸਾਡੇ ਨਾਲ ਖੜ੍ਹਾ ਨਿੱਕੀਆਂ ਗੱਲਾਂ ਕਰ ਰਿਹਾ ਸੀ। ਮੈਂ ਇੱਕ ਦੋ ਵਾਰ ਕਿਹਾ ਵੀ ਕਿ, 'ਤਸੀਂ ਘਰ ਪਹੁੰਚੋ, ਜਦੋਂ ਬੱਸ ਆਈ ਅਸੀਂ ਚੜ੍ਹ ਜਾਵਾਂਗੇ, ਤੁਸੀਂ ਫਿਕਰ ਨਾ ਕਰੋ ਪਲੀਜ਼ ਤੁਸੀਂ ਘਰ ਜਾਓ।'

ਮੇਰੀ ਗੱਲ ਸੁਣਕੇ ਮੰਗਲ ਬੜੇ ਹੀ ਮੋਹ ਨਾਲ ਬੋਲਿਆ, 'ਲੈ ਐਂ ਕਿਵੇਂ ਚਲਾ ਜਾਵਾਂ ਘਰੇ ਨਿੱਕੇ ਵੀਰ, ਜੇ ਬੱਸ ਨਾ ਆਈ ਤਾਂ ਤੁਸੀਂ ਵੀ ਮੇਰੇ ਨਾਲ ਘਰ ਹੀ ਚੱਲਣਾ ਹੈ, ਤੁਹਾਨੂੰ 'ਕੱਲਿਆਂ ਨੂੰ ਕਿਵੇਂ ਛੱਡ ਜਾਵਾਂ।' ਉਸਦੇ ਬੋਲਾਂ ਵਿੱਚ ਵੱਡੇ ਭਰਾਵਾਂ ਵਾਲਾ ਮੋਹ ਤੇ ਫ਼ਿਕਰ ਸੀ। ਮੈਂ ਸੋਚਦਾਂ ਜੇ ਮੰਗਲ ਦੀ ਥਾਂ ਕੋਈ ਹੋਰ ਹੁੰਦਾ ਤਾਂ ਪਹਿਲੀ ਗੱਲ ਇਹ ਕਿ ਉਸਨੇ ਹਰਦੇਵ ਦੇ ਘਰੋਂ ਉੱਠਣਾ ਹੀ ਨਹੀਂ ਸੀ, ਜੇ ਕੋਈ ਮਜ਼ਬੂਰੀ ਦਾ ਮਾਰਿਆ ਉੱਠ ਵੀ ਪੈਂਦਾ ਤਾਂ ਬੱਸ ਅੱਡੇ ਪਹੁੰਚਕੇ ਬਾਏ-ਬਾਏ ਕਰਕੇ ਡੰਡੀ ਪੈਂਦਾ। ਉਸਨੂੰ ਸਾਡਾ ਕੀ ਫ਼ਿਕਰ ਹੋਣਾ ਸੀ ਪਰ ਮੰਗਲ ਤਾਂ ਮੰਗਲ ਸੀ ਪੂਰਾ ਸਮਾਂ ਆਸਰਾ ਬਣਕੇ ਖੜ੍ਹਾ ਰਿਹਾ।

—o—

ਜਦੋਂ ਮੰਗਲ ਭਾਅ ਦੀ ਕਿਤਾਬ "ਜਦੋਂ ਹਾਸੇ ਯਤੀਮ ਹੁੰਦੇ ਨੇ" ਛਪੀ ਤਾਂ ਉਹ ਖ਼ੂਬਸੂਰਤ ਪੁਸਤਕ ਸੁਭਾਸ਼ ਦੁੱਗਲ ਦੇ ਰਾਹੀਂ ਸਾਡੇ ਤੀਕ ਪਹੁੰਚੀ। ਇਹ ਕਿਤਾਬ ਦੇਖਕੇ ਸਾਡੇ ਮਨਾਂ ਦੇ ਕੌਲ ਫੁੱਲ ਖਿੜ੍ਹ ਗਏ ਕਿ ਹੁਣ ਅਸੀਂ ਮੰਗਲ ਭਾਅ ਨੂੰ ਪੂਰੇ ਦਾ ਪੂਰਾ ਪੜ੍ਹਾਂਗੇ। ਪਰ ਸਮੱਸਿਆ ਇਹ ਸੀ ਕਿ ਸਾਡੇ ਤਿੰਨ ਚਾਰ ਦੋਸਤਾਂ ਕੋਲ ਸਿਰਫ਼ ਇੱਕੋ ਹੀ ਕਿਤਾਬ ਸੀ। ਵਾਰੀ ਨਾਲ ਸਾਰੇ ਇਸਨੂੰ ਪੜ੍ਹਦੇ ਸਾਂ। ਜੇ ਇੱਕ ਜਣਾ ਇੱਕ ਦੋ ਦਿਨ ਕਿਤਾਬ ਵੱਧ ਰੱਖ ਲੈਂਦਾ ਤਾਂ ਉਸਦੀ ਪੂਰੀ ਰੇਲ ਬਣਦੀ ਪਰ ਜਦੋਂ ਕਿਤਾਬ ਹੱਥ ਲੱਗੀ ਤਾਂ ਮੈਂ ਇਹ ਕਿਤਾਬ ਪੂਰੇ ਵੀਹ-ਬਾਈ ਦਿਨ ਆਪਣੇ ਕੋਲ ਰੱਖੀ, ਮਿੱਤਰਾਂ ਦੀਆਂ ਗਾਲ੍ਹਾਂ ਸੁਣਦਾ ਪਰ ਮੰਗਲ ਦੀਆਂ ਗ਼ਜ਼ਲਾਂ ਤੇ ਗੀਤ ਪੜ੍ਹਕੇ ਅੰਬਰਾਂ ਵਿੱਚ ਉੱਡਿਆ ਫਿਰਦਾ।

ਮੰਗਲ ਦੀ ਇਸ ਕਿਤਾਬ ਦੀ ਮੇਰੀ ਜ਼ਿੰਦਗੀ ਵਿੱਚ ਬਹੁਤ ਵੱਡੀ ਭੂਮਿਕਾ ਹੈ। ਉਹਨਾਂ ਸਮਿਆਂ ਵਿੱਚ ਜਿਹੜੇ ਗੀਤ ਮੇਰੇ ਮਨ ਨੂੰ ਛੂੰਹਦੇ, ਜਿਹੜੀਆਂ ਗ਼ਜ਼ਲਾਂ ਮੇਰੇ ਦਿਲ ਜਾਦੂ ਕਰਦੀਆਂ ਉਹਨਾਂ ਵਿੱਚੋਂ ਜ਼ਿਆਦਾਤਾਰ ਲਿਖਤਾਂ ਮੰਗਲ ਦੀਆਂ ਹੀ ਹੁੰਦੀਆਂ ਸਨ।

ਅੱਜ ਭਾਵੇਂ ਮੰਗਲ ਸਾਡੇ ਵਿਚਕਾਰ ਨਹੀਂ ਪਰ ਆਪਣੀਆਂ ਜ਼ਬਰਦਸਤ ਲਿਖਤਾਂ ਤੇ ਆਪਣੀ ਮੁਹੱਬਤ ਸਦਕਾ ਹਮੇਸ਼ਾ ਸਾਡੇ ਅੰਗ-ਸੰਗ ਰਹੇਗਾ। ਮੇਰਾ ਨਿੱਕਾ ਵੀਰ ਰਿਸ਼ੀ ਹਿਰਦੇਪਾਲ ਆਪਣੇ ਪਾਪਾ ਦੀਆਂ ਕਿਰਤਾਂ ਨੂੰ ਛਾਪਕੇ ਇੱਕ ਸੱਚੀ-ਮੁੱਚੀ ਸਰਧਾਂਜਲੀ ਭੇਟ ਕਰ ਰਿਹਾ ਹੈ। ਇਸ ਖ਼ੂਬਸੂਰਤ ਯਤਨ 'ਤੇ ਮੈਂ ਆਪਣੇ ਨਿੱਕੇ ਵੀਰ ਰਿਸ਼ੀ ਨੂੰ ਸਲਿਊਟ ਕਰਦਾ ਹਾਂ।

ਆਮੀਨ!

ਤ੍ਰੈਲੋਚਨ ਲੋਚੀ
20-ਸੈਕਿੰਡ ਫਲੋਰ, ਐੱਚ.ਆਈ.ਜੀ
ਰਾਜਗੁਰੂ ਨਗਰ, ਲੁਧਿਆਣਾ
ਮੋ : 98142-53315

ਭੂਮਿਕਾ

ਮੰਗਲ ਮਦਾਨ ਪੰਜਾਬੀ ਕਾਵਿ ਦੀ ਰਿਵਾਇਤ ਅਤੇ ਵਿਅਕਤੀਗਤ ਪ੍ਰਤਿਭਾ ਨੂੰ ਇੱਕ ਦੂਜੇ ਨਾਲ ਜੋੜ ਕੇ ਅੱਗੇ ਚਲਣ ਵਾਲਾ ਸ਼ਾਇਰ ਸੀ। ਇਹੀ ਕਾਰਨ ਹੈ ਕਿ ਉਸਦੇ ਕਾਵਿ ਲੋਕ ਵਿੱਚੋਂ ਤਾਜ਼ੇ ਫੁੱਲਾਂ ਦੀ ਖ਼ੁਸ਼ਬੂ ਵਰਗਾ ਅਹਿਸਾਸ ਪ੍ਰਾਪਤ ਹੁੰਦਾ ਹੈ। 'ਸ਼ਬਦ ਮੰਗਲ' ਕਵੀ ਦੇ ਅਕਾਲ ਚਲਾਣਾ ਕਰ ਜਾਣ ਪਿੱਛੋਂ ਉਸਦੇ ਸੰਵੇਦਨਸ਼ੀਲ ਸਪੁੱਤਰ ਹਿਰਦੇਪਾਲ ਸਿੰਘ ਦੀ ਸੁਯੋਗ ਸੰਪਾਦਨਾ ਅਧੀਨ ਪ੍ਰਕਾਸ਼ਿਤ ਹੋਇਆ ਕਾਵਿ ਸੰਗ੍ਰਹਿ ਹੈ। ਇਸ ਵਿੱਚ ਮੰਗਲ ਮਦਾਨ ਦੀਆਂ ਕੁਝ ਗ਼ਜ਼ਲਾਂ ਅਤੇ ਗੀਤ ਸੰਗ੍ਰਹਿਤ ਹੋਏ ਹਨ। ਪ੍ਰਮਾਣਿਕ ਕਿਸਮ ਦੇ ਸ਼ਾਇਰ ਤਨਹਾ ਹੋਣ ਲੱਗਦੇ ਹਨ। ਉਨ੍ਹਾਂ ਦੇ ਆਸ-ਪਾਸ ਜੀਵਨ ਜਿਸ ਪ੍ਰਕਾਰ ਚੱਲ ਰਿਹਾ ਹੁੰਦਾ ਹੈ, ਉਸ ਨਾਲ ਉਹ ਸਹਿਮਤ ਨਹੀਂ ਹੁੰਦੇ। ਵਿਸੰਗਤੀ ਇਹ ਹੈ ਕਿ ਜੀਵਨ ਵਿੱਚ ਕਾਮਯਾਬ ਪੁਰਸ਼ ਬਣਨ ਲਈ ਵਿਅਕਤੀ ਨੂੰ ਆਪਣੇ ਆਸ-ਪਾਸ ਵੀ ਜੀਵਨ ਨਾਲ, ਜਿਵੇਂ ਵੀ ਉਹ ਚੱਲ ਰਿਹਾ ਹੈ ਸਹਿਮਤ ਹੋਣਾ ਪੈਂਦਾ ਹੈ। ਕਿਉਂਕਿ ਇਹ ਤਾਂ ਸੰਭਵ ਹੀ ਨਹੀਂ ਹੈ ਕਿ ਤੁਸੀਂ ਅਸਹਿਮਤ ਵੀ ਰਹੋ ਅਤੇ ਕਾਮਯਾਬ ਵੀ ਹੋ ਜਾਵੋ , ਇਸ ਕਾਰਨ ਅਸਹਿਮਤ ਰਹਿਣ ਵਾਲੇ ਗਿਣੇ-ਚੁਣੇ ਲੋਕ ਹੌਲੀ-ਹੌਲੀ ਤਨਹਾ ਵੀ ਹੁੰਦੇ ਜਾਂਦੇ ਹਨ। ਮੰਗਲ ਮਦਾਨ ਦੀਆਂ ਗ਼ਜ਼ਲਾਂ ਅਤੇ ਗੀਤਾਂ ਦਾ ਕੇਂਦਰੀ ਪੈਰਾਡਾਈਮ ਇਹੀ ਤਨਹਾਈ ਹੈ। ਤਨਹਾਈ ਨੂੰ ਕਵੀ ਨੇ ਬੜੇ ਕਲਾਤਮਕ ਢੰਗ ਨਾਲ ਅਭਿਵਿਅਕਤ ਕੀਤਾ ਹੈ। ਦੇਖੋ :

ਇਸ ਜੱਗ ਤੋਂ ਉਪਰਾਮ ਜਿਹੇ ਹਾਂ,
ਤਾਹੀਂਓਂ ਬੇ-ਆਰਾਮ ਜਿਹੇ ਹਾਂ।

ਸੂਰਜ ਵਰਗੀ ਆਭਾ ਸਾਡੀ,
ਭਾਵੇਂ ਢਲਦੀ ਸ਼ਾਮ ਜਿਹੇ ਹਾਂ।

ਲੁਟ ਚੁਕੀ ਹੈ ਮਹਿਕ ਅਸਾਡੀ,
ਹੁਣ ਫੁਲਾਂ ਦੇ ਨਾਮ ਜਿਹੇ ਹਾਂ।

ਮੰਗਲ ਮਦਾਨ ਵਰਗੇ ਸ਼ਾਇਰ ਅੰਤਰ ਅਤੇ ਬਾਹਰ ਨਾਲ ਇਕਸੁਰਤਾ ਸਥਾਪਿਤ ਕਰਨ ਦਾ ਪ੍ਰਯਾਸ ਕਰਦੇ ਰਹਿੰਦੇ ਹਨ। ਉਨ੍ਹਾਂ ਦੀ ਅੰਤਰਆਤਮਾ ਨੂੰ ਆਮ ਦੁਨਿਆਵੀਂ ਮਨੁੱਖਾਂ ਨਾਲੋਂ ਵਧੇਰੇ ਕਰਮਸ਼ੀਲ ਰਹਿਣਾ ਪੈਂਦਾ ਹੈ। ਉਹ ਭੌਤਿਕ ਜਗਤ ਵਿੱਚੋਂ ਪ੍ਰਾਪਤ ਹੋਈਆਂ ਸੂਚਨਾਵਾਂ ਉਪਰ ਇਕਦਮ ਰੀਐਕਟ ਨਹੀਂ

ਕਰਦੇ, ਉਨ੍ਹਾਂ ਦਾ ਕੋਈ ਵੀ ਕਾਰਜ 'ਰਿਫ਼ਲੈਕਸ ਐਕਸ਼ਨ' ਨਹੀਂ ਹੁੰਦਾ ਕਿਉਂਕਿ 'ਰਿਫਲੈਕਸਿਵਲੀ' ਤਾਂ ਪਸ਼ੂ-ਪੰਛੀ ਹੀ ਆਪਣੀਆਂ ਪ੍ਰੀਤਕ੍ਰਿਆਵਾਂ ਦਾ ਇਜ਼ਹਾਰ ਕਰਦੇ ਹਨ। ਸਾਂਸਕ੍ਰਿਤਕ ਮਨੁੱਖ ਹਰ ਸੂਚਨਾ ਨੂੰ ਪਹਿਲਾਂ ਆਪਣੇ ਅਨੁਭਵ ਵਿੱਚ ਲੈ ਜਾਂਦਾ ਹੈ ਅਤੇ ਫਿਰ ਉਸਨੂੰ ਆਪਣੀ ਅੰਤਰਆਤਮਾ ਦੀ ਕਸੌਟੀ ਉਪਰ ਨਿਰਖ-ਪਰਖ ਕੇ ਹੀ ਆਪਣੀ ਪ੍ਰਤੀਕ੍ਰਿਆ ਦਾ ਇਜ਼ਹਾਰ ਕਰਦਾ ਹੈ। ਮੰਗਲ ਮਦਾਨ ਵੀ ਆਪਣੇ ਸਮਕਾਲੀ ਜੀਵਨ ਬਾਰੇ ਕੁਝ ਇਸੇ ਤਰ੍ਹਾਂ ਦੀ ਵਿਧੀ ਦੁਆਰਾ ਹੀ ਟਿੱਪਣੀਆਂ ਕਰਦਾ ਹੈ। ਇਹੀ ਕਾਰਨ ਹੈ ਕਿ ਉਸ ਦੇ ਸ਼ੇਅਰਾਂ ਵਿੱਚ ਮੌਲਿਕਤਾ ਅਤੇ ਦਾਰਸ਼ਨਿਕ ਗਹਿਰਾਈ (ਤੁ.ਗਜ਼ਲ) ਦੇ ਦਰਸ਼ਨ ਹੁੰਦੇ ਹਨ। ਇਸ ਪ੍ਰਸੰਗ ਵਿੱਚ ਉਸਦੇ ਕੁਝ ਸ਼ੇਅਰ ਦੇਖੋ :

ਅੰਬਰ ਜਿਸ ਨੂੰ ਭਾਲ ਰਿਹਾ ਕਲ੍ਹ ਸਾਰੀ ਰਾਤ।
ਚੰਨ ਉਹ ਸਾਡੇ ਨਾਲ ਰਿਹਾ ਕਲ੍ਹ ਸਾਰੀ ਰਾਤ।

ਲਿਖ ਬੈਠਾ ਕੀ ਹਾਲ ਉਨ੍ਹਾਂ ਨੂੰ ਦਿਲ ਦਾ ਮੈਂ,
ਮੇਰਾ ਦਿਲ ਬੇਹਾਲ ਰਿਹਾ ਕਲ੍ਹ ਸਾਰੀ ਰਾਤ।

ਦਿਨ ਚੜ੍ਹਿਆ ਤਾਂ ਸੂਰਜ ਡੁੱਬਾ ਜੀਵਨ ਦਾ,
ਹੋਣੀ ਨੂੰ ਮੈਂ ਟਾਲ ਰਿਹਾ ਕਲ੍ਹ ਸਾਰੀ ਰਾਤ।

ਭਾਵੇਂ ਮੰਗਲ ਮਦਾਨ ਨੂੰ ਰੁਜ਼ਗਾਰ ਦੇ ਰੁਝੇਵਿਆਂ ਨੇ ਸਿਰਜਣਾਤਮਕ ਕਾਰਜ ਕਰਨ ਲਈ ਬਹੁਤਾ ਵਕਤ ਨਹੀਂ ਦਿੱਤਾ ਜਾਪਦਾ ਪਰ ਉਹ ਇੱਕ ਬੜਾ ਜ਼ਰਖੇਜ਼ ਸ਼ਾਇਰ ਸੀ। ਉਹ ਜੀਵਨ ਦੇ ਸਤਹੀ ਵੇਰਵਿਆਂ ਨੂੰ ਪਰ੍ਹੇ ਹਟਾ ਕੇ ਇਨ੍ਹਾਂ ਦੀ ਗਹਿਰਾਈ ਵਿੱਚ ਝਾਤ ਮਾਰਨ ਦਾ ਦਮ-ਖਮ ਵੀ ਰੱਖਦਾ ਸੀ। ਇਸ ਪ੍ਰਸੰਗ ਵਿੱਚ ਮੈਂ ਉਸਦੀ ਤੁਲਨਾ ਮਲੋਟ ਦੇ ਹੀ ਇੱਕ ਹੋਰ ਪ੍ਰਮਾਣਿਕ ਕਵੀ ਅਤੇ ਮੰਗਲ ਮਦਾਨ ਦੇ ਸੀਨੀਅਰ ਸਹਿਯੋਗੀ ਹਰਨੇਕ ਸਿੰਘ ਕੋਮਲ ਨਾਲ ਕਰਿਆ ਕਰਦਾ ਹਾਂ। ਦੋਹਾਂ ਨੇ ਕਈ ਵਰ੍ਹੇ ਅਦਬੀ ਸੰਗਤ ਨੂੰ ਬੜੇ ਉਤਸ਼ਾਹ ਅਤੇ ਸਿਦਕਦਿਲੀ ਨਾਲ ਚਲਾਇਆ ਸੀ ਪਰ ਅਚਾਨਕ ਇਕ ਕੂਹਣੀ-ਮੋੜ ਤੇ ਮਦਾਨ, ਸਾਨੂੰ ਸਭ ਨੂੰ ਛੱਡ ਕੇ ਲੋਪ ਹੋ ਗਿਆ। ਉਸਦਾ ਇੰਜ ਚਲੇ ਜਾਣਾ ਪੰਜਾਬੀ ਪ੍ਰਗੀਤਕ ਸ਼ਾਇਰੀ ਲਈ ਇੱਕ ਬੜਾ ਵੱਡਾ ਸਦਮਾ ਸੀ ਅਤੇ ਅਸੀਂ ਲੋਕ ਅਜੇ ਤਕ ਇਸ ਸਦਮੇਂ ਤੋਂ ਬਾਹਰ ਨਹੀਂ ਆ ਸਕੇ ਹਾਂ।

ਮੈਨੂੰ ਮੰਗਲ ਮਦਾਨ ਦੀਆਂ ਗ਼ਜ਼ਲਾਂ ਦਾ ਸਭ ਤੋਂ ਖ਼ੂਬਸੂਰਤ ਪੱਖ ਉਸ ਦੁਆਰਾ ਰਚੇ ਗਏ ਅਰਥਪੂਰਨ 'ਮਕਤੇ' ਲੱਗਦੇ ਹਨ। ਗ਼ਜ਼ਲ ਦਾ ਮਕਤਾ ਲਿਖਣਾ ਕੋਈ ਸੌਖਾ ਕੰਮ ਨਹੀਂ ਹੈ। ਇਸ ਵਿੱਚ ਸ੍ਵੈਜੀਵਨੀਮੂਲਕ ਅਤੇ ਨਾਟਕੀ ਅੰਦਾਜ਼ ਅਪਣਾਉਣ ਦੇ ਨਾਲ-ਨਾਲ ਜੀਵਨ ਦੇ ਕਿਸੇ ਦਾਰਸ਼ਨਿਕ ਪਹਿਲੂ ਨੂੰ ਵੀ ਬੇਨਕਾਬ

ਕਰਨਾ ਪੈਂਦਾ ਹੈ। ਮੰਗਲ ਮਦਾਨ ਮਕਤੇ ਸਿਰਜਣ ਦੀ ਕਲਾ ਵਿੱਚ ਲਾਜਵਾਬ ਸੀ। ਉਸਦੇ ਕਈ ਮਕਤੇ ਉਰਦੂ ਜ਼ਬਾਨ ਦੇ ਪ੍ਰਸਿੱਧ ਕਵੀਆਂ ਮਿਰਜ਼ਾ ਗ਼ਾਲਿਬ, ਮੀਰ ਅਤੇ ਜ਼ੌਕ ਨਾਲ ਬਰ ਮੇਚਦੇ ਸਨ। ਦੇਖੋ :

- ਨਾ ਸ਼ਾਇਰ ਨਾ ਬੰਦੇ ਵਧੀਆ,
  ਬਸ 'ਮੰਗਲ ਮਦਾਨ' ਜਿਹੇ ਹਾਂ।

- ਵਿਧਵਾ ਵਰਗੀ ਕਿਸਮਤ ਭਾਵੇਂ 'ਮੰਗਲ' ਦੀ,
  ਦੁਲਹਨ ਵਾਂਗੂੰ ਫਿਰ ਵੀ ਨਖ਼ਰੇ ਕਰਦਾ ਹੈ।

- 'ਮੰਗਲ' ਦਾ ਹੈ ਜਿਸ ਥਾਂ ਵਾਸਾ,
  ਮਿੱਠੀ ਖੂਹੀ, ਪਾਣੀ ਖਾਰਾ।

- 'ਮੰਗਲ' ਵਾਂਗੂੰ ਰੁੱਖੀ-ਸੁੱਕੀ ਖਾਧੀ ਨਾ,
  ਚੇਤੇ ਚੂਰੀ ਰੱਖੀ, ਹੁਣ ਪਛਤਾਉਂਦੇ ਹਾਂ।

- ਜੀਵਨ ਭਰ ਦੀ ਖੱਟੀ ਵੇਖੋ 'ਮੰਗਲ' ਦੀ,
  ਕੁਝ ਗ਼ਜ਼ਲਾਂ, ਨਗ਼ਮੇ, ਦੋ ਚਾਰ ਕਿਤਾਬਾਂ ਨੇ।

ਮੰਗਲ ਮਦਾਨ ਨੇ ਗ਼ਜ਼ਲਾਂ ਵਾਂਗ ਆਪਣੇ ਗੀਤਾਂ ਵਿੱਚ ਵੀ ਚਿੰਤਨ ਦੀ ਮੌਲਿਕਤਾ ਅਤੇ ਅਨੁਭਵ ਦੀ ਤਾਜ਼ਗੀ ਨੂੰ ਬਰਕਰਾਰ ਰੱਖਿਆ ਹੈ। ਉਹ ਮੁਹੱਬਤ ਦਾ ਸ਼ਾਇਰ ਸੀ। ਸਮੁੱਚੀ ਮਨੁੱਖਤਾ ਨੂੰ ਪ੍ਰੇਮ ਕਰਨ ਵਾਲੇ ਸ਼ਾਇਰ ਹੀ 'ਮੁਹੱਬਤ ਦੇ ਸ਼ਾਇਰ' ਬਣ ਸਕਦੇ ਹਨ। ਉਹ ਸਮੁੱਚੇ ਮਨੁੱਖ ਦੇ ਦੁਖ-ਦਰਦ ਨਾਲ ਸਾਂਝ ਦਰਸਾਉਣ ਵਾਲਾ ਕਵੀ ਸੀ। ਉਸਦਾ ਭਾਵਬੋਧ (Sensibility) ਬੜਾ ਤੀਖਣ ਸੀ। ਇਸੇ ਕਾਰਨ ਉਸ ਦੁਆਰਾ ਰਚੇ ਗਏ ਗੀਤਾਂ ਦੇ ਮੁਖੜੇ ਲੋਕਗੀਤਾਂ ਵਰਗੇ ਸੱਜਰੇ ਅਤੇ ਆਕ੍ਰਸ਼ਕ ਪ੍ਰਤੀਤ ਹੁੰਦੇ ਹਨ। ਕੁਝ ਪ੍ਰਮਾਣ ਦੇਖੋ :

- ਮੁੰਡਾ ਚੌਦਵੀਂ ਦਾ ਚੰਦ,
  ਮੇਰੇ ਆ ਗਿਆ ਪਸੰਦ,
  ਉਹਨੂੰ ਆਪਣੀ ਮੈਂ ਤਾਲ ਤੇ ਨਚਾ ਲੈਣਾ।
  ਮੁੰਡਾ ਚੀਨਾ ਕਬੂਤਰ-ਨੀ ਮੈਂ ਦਿਲ ਵਾਲੀ ਛਤਰੀ ਬਹਾ ਲੈਣਾ।

- ਮੁੰਡਾ ਹਾਣ ਦਾ ਕਾਲਜ ਨਹੀਓਂ ਆਇਆ,
  ਸਈਓ ਨੀ ਮੇਰਾ ਜੀਅ ਨਾ ਲਗੇ।
  ਤਾਹੀਓਂ ਪੀਰੀਅਡ ਨਾ ਇੱਕ ਵੀ ਮੈਂ ਲਾਇਆ,
  ਸਈਓ ਨੀ ਮੇਰਾ ਜੀਅ ਨਾ ਲਗੇ।

• ਤੀਰ ਭੁੰਘਿਆਂ ਨੈਣਾਂ ਦੇ ਮਾਰ,
ਸਾਨੂੰ ਲੁੱਟ ਕੇ ਸਰੇ-ਬਾਜ਼ਾਰ,
ਕੁੜੀ ਔਹ ਗਈ! ਔਹ ਗਈ!

ਉਸਦੇ ਗੀਤਾਂ ਦੇ ਵਿਸ਼ੇ ਬੜੇ ਵੰਨ-ਸੁਵੰਨੇ ਅਤੇ ਸਮਕਾਲੀ ਹਨ। ਕਿਧਰੇ ਉਹ 'ਬੋਤਲ' ਨੂੰ 'ਸਤਿ ਸ੍ਰੀ ਅਕਾਲ!' ਬੁਲਾਉਂਦਾ ਹੈ। ਕਿਧਰੇ ਵਿਦੇਸ਼ੀਂ ਵਿਆਹੀਆਂ ਜਾ ਰਹੀਆਂ ਕੁੜੀਆਂ ਦੇ ਕੀਰਨਿਆਂ ਨੂੰ ਕਲਮਬੰਦ ਕਰਦਾ ਹੈ ਅਤੇ ਕਿਧਰੇ ਕਿਸੇ ਵਿਆਹੇ ਜਾ ਰਹੇ ਮਿੱਤਰ ਦੀਆਂ ਖੁਸ਼ੀਆਂ ਦਾ ਸਿਹਰਾ ਗੁੰਦਦਾ ਹੈ। ਇੱਕ-ਦੋ ਗੀਤਾਂ ਵਿੱਚ ਉਸਨੇ ਲੋਕ-ਤੱਥਾਂ ਦੀ ਬੜੀ ਖ਼ੂਬਸੂਰਤ ਤਰਜਮਾਨੀ ਵੀ ਕੀਤੀ ਹੈ :

ਗਲੀ 'ਚੋਂ ਨਿਆਣਿਆਂ ਨੂੰ, ਘਰਾਂ 'ਚੋਂ ਸਿਆਣਿਆਂ ਨੂੰ,
ਭੜੋਲਿਆਂ 'ਚੋਂ ਦਾਣਿਆਂ ਨੂੰ, ਲੋਕੋ ਲੱਭਦੇ ਫਿਰੋਗੇ।

ਗੁੱਟਾਂ ਉਤੇ ਰੱਖੜੀ ਨੂੰ, ਵੱਟਿਆਂ ਤੇ ਤੱਕੜੀ ਨੂੰ,
ਲਾਸ਼ ਲਈ ਲੱਕੜੀ ਨੂੰ, ਲੋਕੋ ਲੱਭਦੇ ਫਿਰੋਗੇ।

ਰੁੱਖੀ ਸੁੱਕੀ ਖਾਣ ਵਾਲੇ, ਸ਼ੁਕਰ ਮਨਾਉਣ ਵਾਲੇ,
ਬੋਲਾਂ ਨੂੰ ਪੁਗਾਉਣ ਵਾਲੇ, ਲੋਕੋ ਲੱਭਦੇ ਫਿਰੋਗੇ।

ਸੋਨਾ ਬਿਨਾਂ ਖੋਟ ਦਾ, 'ਮੰਗਲ' ਮਲੋਟ ਦਾ,
ਹੱਕ-ਦਾਰ ਵੋਟ ਦਾ, ਲੋਕੋ ਲੱਭਣੇ ਫਿਰੋਗੇ।

ਹਰ ਸੱਚੇ ਸ਼ਾਇਰ ਵਾਂਗ ਮੰਗਲ ਮਦਾਨ ਇੱਕ 'ਭਵਿੱਖਦਰਸ਼ੀ' ਸ਼ਾਇਰ ਸੀ। ਮੈਂ ਅਜਿਹੇ ਸੱਚੇ-ਸੁੱਚੇ ਅਤੇ ਖਰੇ ਬੋਲਾਂ ਵਾਲੇ ਮੌਲਿਕ ਕਵੀ ਦਾ ਹਾਰਦਿਕ ਅਭਿਨੰਦਨ ਕਰਦਾ ਹਾਂ ਅਤੇ ਹਿਰਦੇਪਾਲ ਸਿੰਘ ਦੇ ਸੁਮੱਚੇ ਪਰਿਵਾਰ ਤੇ ਹਿਤੈਸ਼ੀਆਂ ਨੂੰ ਸ਼ੁਭ ਕਾਮਨਾਵਾਂ ਅਰਪਿਤ ਕਰਦਾ ਹਾਂ।

ਪ੍ਰੋ. ਬ੍ਰਹਮਜਗਦੀਸ਼
12 ਸਤੰਬਰ, 2012
ਬ੍ਰਹਮਨਿਵਾਸ, ਹੀਦਿਰਾ ਨਗਰ
ਫ਼ਰੀਦਕੋਟ-151203

ਯਾਦਾਂ ਦੇ ਝਰੋਖੇ ਚੋਂ...

ਮੰਗਲ ਨਾਲ ਮੇਰੀ ਪਹਿਲੀ ਮਿਲਣੀ ਪ੍ਰੋ. ਧਵਨ ਦੇ ਬੇਟੇ ਦੀ ਸ਼ਾਦੀ ਦੌਰਾਨ ਹੋਈ। ਅਸ਼ੋਕ ਮਸਤੀ ਵੀ ਨਾਲ ਸੀ। ਦੋਵੇਂ ਸਟੇਜ਼ੀ ਰੰਗ ਬੰਨ੍ਹਣ ਆਏ ਸਨ। ਸਮਾਂ ਕਰੀਬ ਸ਼ਾਮ ਦੇ ਪੰਜ ਕੁ ਸੀ। ਮੈਂ ਮਿਲਿਆ, 'ਚਾਹ-ਪਾਣੀ' ਪੁੱਛਿਆ ਤਾਂ ਝਟ ਬੋਲਿਆ 'ਇਹ ਚਾਹ ਦਾ ਟੈਮ ਨਹੀਂ ਦਾਰੂ ਦਾ ਟੈਮ ਐ।' ਪਹਿਲੀ ਮਿਲਣੀ 'ਤੇ 'ਗਲਾਸੀ' ਸਾਂਝੀ ਕੀਤੀ। ਉਸਨੇ ਸਰੂਰ ਤੇ ਸ਼ਾਇਰੀ ਦਾ ਰੰਗ ਐਸਾ ਬੰਨ੍ਹਿਆ ਕਿ ਸਰੋਤੇ ਕੀਲੇ ਗਏ। ਵਾਹ! ਵਾਹ! ਕਰਨੋ ਨਾ ਰਹਿ ਸਕੇ। ਸਰੋਤੇ ਉਸਨੂੰ ਗਲਵਕੜੀਆਂ ਪਾਉਣ ਲਈ ਉਤਾਵਲੇ ਹੋਣ ਲੱਗੇ। ਉਹ ਸਭ ਨੂੰ ਹੱਸ ਕੇ ਮਿਲਿਆ। ਸ਼ਾਇਰੀ ਦਾ ਭਲਾ ਇਸ ਤੋਂ ਵੱਡਾ ਕੀ ਮੁੱਲ ਹੋ ਸਕਦਾ!!

ਸਟੇਜ ਤੋਂ ਬਾਅਦ ਮੰਗਲ ਢੇਰ ਗੱਲਾਂ ਕਰਦਾ ਰਿਹਾ। ਉਹ ਬੇਬਾਕ ਬੇਖ਼ੌਫ਼, ਸਾਫ਼ਗੋਈ ਖਿਆਲਾਂ ਦਾ ਮਾਲਕ ਸੀ। ਉਹਨੂੰ ਗੱਲ ਦਿਲ ਵਿਚ ਨਹੀਂ ਸੀ ਰੱਖਣੀ ਆਉਂਦੀ। ਦਾਰੂ ਦਾ ਪੂਰਾ ਸ਼ੌਂਕੀ ਸੀ। ਐਸਾ ਸਬੱਬ ਹੀ ਦੂਜੀ ਮਿਲਣੀ ਦਾ ਬਣਿਆ। ਉਸਦੀ ਬੇਟੀ ਦੀ ਸ਼ਾਦੀ ਸੀ। ਜਦ ਮੈਂ ਤਰਲੋਕ ਭਾਅ ਜੀ ਨਾਲ ਸ਼ਗਨ ਸਮੇਂ ਪੁੱਜਾ ਤਾਂ ਉਹ ਸਾਨੂੰ ਦੇਖ ਕੇ ਖਿੜ ਗਿਆ। ਵਿਆਹ ਪ੍ਰਬੰਧਾਂ ਨੂੰ ਲਾਂਭੇ ਕਰਕੇ ਉਸ ਨੇ ਫਿਰ ਸਾਡੇ ਨਾਲ ਗਲਾਸੀ ਖੜਕਾਈ। ਢੇਰ ਦੇਰ ਪਰਿਵਾਰਕ ਮੋਹ ਦੀਆਂ ਤੰਦਾਂ ਪਾਉਂਦਾ ਰਿਹਾ। ਸਮਾਜ, ਸਾਹਿਤ, ਸ਼ਾਇਰੀ ਦੀਆਂ ਬਾਤਾਂ ਮੁੱਕਣ ਵਿੱਚ ਨਾ ਆਈਆਂ। ਅੱਜ ਵੀ ਉਸਦੇ ਪਰਿਵਾਰਕ ਮੈਂਬਰਾਂ ਵਿੱਚ ਅਪੱਣਤ ਕੁੱਟ-ਕੁੱਟ ਭਰੀ ਹੋਈ ਹੈ। ਇਹ ਗੁੜ੍ਹਤੀ ਮੰਗਲ ਨੇ ਹੀ ਉਹਨਾਂ ਨੂੰ ਦਿੱਤੀ ਹੈ।

ਉਸਦੀ ਸ਼ਾਇਰੀ ਤੇ ਉਹ ਖ਼ੁਦ ਮਾਤ ਭਾਸ਼ਾ ਨੂੰ ਪਰਨਾਇਆ ਹੋਇਆ ਸੀ। ਗੁਰਦਾਸ ਮਾਨ, ਸੁਰਿੰਦਰ ਛਿੰਦਾ, ਹਾਕਮ ਸੂਫ਼ੀ, ਗਾਇਕਾ ਨਿਰਮਲਜੀਤ ਨਿੰਮਾ ਆਦਿ ਗੀਤਕਾਰਾਂ ਦਾ ਨਜ਼ਦੀਕੀ ਸੀ। ਉਹ ਸਾਫ਼ ਸੁਥਰੀ, ਮਿਆਰੀ ਲੇਖਣੀ ਦਾ ਕਾਇਲ ਸੀ। ਸੰਜੀਦਾ ਸ਼ਾਇਰੀ ਦਾ ਮਾਲਕ ਇਹ ਭਾਵੇਂ ਸਾਡੇ ਵਿੱਚ ਅੱਜ ਮੌਜੂਦ ਨਹੀਂ, ਪਰ ਇਹ ਕਿਹਾ ਜਾ ਸਕਦਾ ਹੈ :

ਉਦਾਸੀ ਸੀ ਛਾਈ ਬੜੀ ਤਿਰੇ ਤੁਰ ਜਾਣ ਦੇ ਮਗਰੋਂ
ਮੇਰੀ ਇਸ ਜਾਨ ਤੇ ਬਣ ਆਈ ਤਿਰੇ ਤੁਰ ਜਾਣ ਦੇ ਮਗਰੋਂ

ਅੱਧਵਾਟੇ ਛੱਡ ਤੁਰ ਗਏ ਰੰਗਲੇ ਸੱਜਣ ਦਾ ਨਾ ਕੇਵਲ ਪਰਿਵਾਰਿਕ ਮੈਂਬਰਾਂ ਨੂੰ ਘਾਟਾ ਪਿਆ, ਸਗੋਂ ਸਾਰੇ ਸਾਹਿਤਕ ਹਲਕੇ ਤੇ ਮਿੱਤਰ ਮੰਡਲੀ ਨੂੰ ਵੀ ਉਸਦੀ ਘਾਟ ਰੜਕਦੀ ਰਹੇਗੀ।

ਪ੍ਰੋ. ਗੁਰਰਾਜ ਸਿੰਘ ਚਹਿਲ
ਡੀ.ਏ.ਵੀ. ਕਾਲਜ, ਅਬੋਹਰ

‘ਸ਼ਬਦ-ਮੰਗਲ’-
ਜ਼ਿੰਦਗੀ ਦੀ ਬਾਤ ਪਾਉਂਦੀ ਕਵਿਤਾ

ਮੰਗਲ ਮਦਾਨ ਅੱਜ ਸਾਡੇ ਵਿਚਕਾਰ ਨਹੀਂ ਹੈ। ਉਹ ਆਪਣੀਆਂ ਅਣਛਪੀਆਂ ਗ਼ਜ਼ਲਾਂ, ਕਵਿਤਾ ਅਤੇ ਗੀਤਾਂ ਨਾਲ ਫਿਰ ਆਪਣੇ ਪਾਠਕਾਂ ਦੇ ਹਿਰਦਿਆਂ ਉੱਪਰ ਦਸਤਕ ਦੇਣ ਆਇਆ ਹੈ। ਜਿੰਨੀ ਉੱਚ ਕੋਟੀ ਦਾ ਉਹ ਸ਼ਾਇਰ ਸੀ, ਉਨ੍ਹਾਂ ਹੀ ਵਧੀਆ ਇਨਸਾਨ ਅਤੇ ਦੋਸਤਾਂ ਦਾ ਦੋਸਤ ਸੀ। ਬਾਬਾਣੀਆਂ ਕਹਾਣੀਆਂ ਪੂਤ-ਕਪੂਤ ਕਰਕਿ ਇਹ ਪਿੱਤਰ-ਰਿਣ ਮੰਗਲ ਮਦਾਨ ਦੇ ਹੋਣਹਾਰ ਪੁੱਤਰ ਰਿਸ਼ੀ ਹਿਰਦੇਪਾਲ ਸਿੰਘ ਨੇ ਉਤਾਰਿਆ ਹੈ। ਇਹਨਾਂ ਗੀਤਾਂ ਗ਼ਜ਼ਲਾਂ ਵਿੱਚੋਂ ਮੰਗਲ ਮਦਾਨ ਦੀ ਸੁਹਿਰਦੱਤਾ ਅਤੇ ਪ੍ਰਤਿਭਾ ਛਲਕਦੀ ਹੈ।

ਕਵੀ ਸ਼ੈਲੇ ਦਾ ਮੱਤ ਹੈ ਸਮਾਜ ਵਿੱਚ ਇਖ਼ਲਾਕ ਦੀ ਬੁਨਿਆਦ ਕਦੇ ਵੀ ਪ੍ਰਚਾਰਕ ਵਿਅਕਤੀ ਨਹੀਂ ਰੱਖਦੇ, ਇਹ ਸਦਾ ਸ਼ਾਇਰਾਂ ਦੇ ਹੱਥੋਂ ਰੱਖੀ ਜਾਂਦੀ ਰਹੀ ਹੈ। ਇਨ੍ਹਾਂ ਕਥਨ ਦੀਆਂ ਅਨੇਕਾਂ ਮਿਸਾਲਾਂ, ਆਪਣੇ ਪੁਰਾਤਨ ਸਾਹਿਤ ਵਿੱਚੋਂ ਅਸੀਂ ਲੱਭ ਸਕਦੇ ਹਾਂ।

ਮੰਗਲ ਮਦਾਨ ਦੀ ਇਸ ਪੁਸਤਕ ‘ਸ਼ਬਦ-ਮੰਗਲ’ ਵਿੱਚ ਸ਼ਾਮਲ ਗ਼ਜ਼ਲਾਂ ਅਤੇ ਗੀਤਾਂ ਦਾ ਆਨੰਦ ਮਾਣਦਿਆਂ, ਉਸਦੀ ਜੀਵਨ ਪ੍ਰਤੀ ਪਹੁੰਚ, ਸੋਚ, ਦ੍ਰਿਸ਼ਟੀ ਅਤੇ ਅਨੁਭਵ ਦੀਆਂ ਝਲਕਾਂ ਮਿਲਦੀਆਂ ਹਨ। ਸਾਹਿਤ ਜ਼ਿੰਦਗੀ ਦਾ ਸੱਚ ਹੁੰਦਾ ਹੈ ਤੇ ਇਹ ਜ਼ਿੰਦਗੀ ਵਿੱਚੋਂ ਹੀ ਉਪਜਦਾ ਹੈ। ਮੰਗਲ ਮਦਾਨ ਦੀ ਸ਼ਾਇਰੀ ਵੀ ਉਸਦੀ ਜ਼ਿੰਦਗੀ ਦੇ ਅਨੁਭਵਾਂ ਵਿੱਚੋਂ ਜਨਮੀਂ ਹੈ। ਇਹ ਮਹਿਜ਼ ਕਲਪਨਾ ਦੀ ਉਡਾਣ ਨਹੀਂ ਹੈ, ਸਮੁੱਚੀ ਰਚਨਾ ਉਸਨੇ ਆਪਣੇ ਜਿਸਮ ਉੱਪਰ ਹੰਢਾਈ ਜਾਪਦੀ ਹੈ। ਦੇਸ਼ ਦੀ ਸਮਾਜਕ ਸਥਿਤੀ ਬਾਰੇ ਉਸਦੇ ਮਨ ਦੀ ਪੀੜ ਇਸ ਤਰ੍ਹਾਂ ਉਜਾਗਰ ਹੁੰਦੀ ਹੈ :

ਦੇਸ਼ ਮੇਰੇ ਦੀ ਤਸਵੀਰ ਦੀ ਵੇਖੋ ਕੈਸੀ ਹੈ ਹੋਣੀ,
ਰੰਗ ਲਹੂ ਦਾ ਹੀ ਹੈ ਬਣਦਾ, ਮੈਂ ਜੋ ਵੀ ਰੰਗ ਭਰਾਂ।

ਅੱਜ ਦਾ ਮਨੁੱਖ ਕਿਸ ਤਰ੍ਹਾਂ ਆਪਣੇ ਅੰਦਰ ਹੀ ਸਿਮਟ ਗਿਆ ਹੈ ਤੇ ਕੁਛ ਵੀ ਗਲਤ ਵਾਪਰਦਾ ਵੇਖ ਕੇ ਕਿਸੇ ਅਦਿੱਖ ਭੈਅ ਕਾਰਨ ਉਭਾਸਰਦਾ ਤੱਕ ਨਹੀਂ।

ਕਿਸ ਤਰ੍ਹਾਂ ਦਾ ਹੋ ਗਿਆ ਬੰਦਾ ਅਜੋਕੇ ਦੌਰ ਦਾ,
ਸਮਝਦਾ ਹੈ ਗੱਲ ਹਰਿਕ ਪਰ ਬੋਲਦਾ ਨਹੀਂ।

ਮੰਗਲ ਮਦਾਨ ਦੇ ਬਹੁਤੇ ਸ਼ੇਅਰ, ਜ਼ਿੰਦਗੀ ਦੀਆਂ ਕੌੜੀਆਂ ਅਤੇ ਤਲਖ਼ ਸਚਾਈਆਂ ਦੇ ਰੂ-ਬ-ਰੂ ਹੁੰਦੇ ਹਨ। ਸੂਖ਼ਮ ਭਾਵੀ ਸ਼ਾਇਰ ਸਮਾਜ ਵਿੱਚ ਵਾਪਰਦੇ

ਹਰ ਵਰਤਾਰੇ ਤੋਂ ਕਦੇ ਵੀ ਅਣਭਿੱਜ ਨਹੀਂ ਰਹਿ ਸਕਦਾ। ਮੰਗਲ ਮਦਾਨ ਦੇ ਖ਼ੂਬਸੂਰਤ ਸ਼ੇਅਰਾਂ ਦੀ ਵੰਨਗੀ ਵੇਖੋਂ :-

ਰੁੱਖਾਂ ਵਰਗੀ ਜ਼ਿੰਦੜੀ ਮੇਰੀ, ਪੱਤਾ ਪੱਤਾ ਹੋਈ,
ਅੱਜ ਮੈਂ ਆਪੇ ਆਪਣੇ ਹੱਥੀਂ, ਰੁੱਤ ਬਸੰਤੀ ਤੋਰੀ।

ਚੇਤੰਨ ਕਵੀ ਦੀ ਸੋਚ ਕਦੇ ਵੀ ਸਥਾਪਤੀ ਨਾਲ ਸਮਝੌਤਾ ਨਹੀਂ ਕਰਦੀ। ਪਰ ਜਦ ਸਥਾਪਤੀ ਜਾਂ ਸੱਤਾ, ਜ਼ਿੰਦਗੀ ਦੇ ਹਰ ਖੇਤਰ ਵਿੱਚ ਆਪਣਾ ਕਰੂਰ ਚਿਹਰਾ ਅਤੇ ਘ੍ਰਿਣਤ ਕਿਰਦਾਰ ਦਿਖਾਉਂਦੀ ਹੈ ਤਾਂ ਮੰਗਲ ਮਦਾਨ ਦੇ ਅੰਦਰਲਾ ਹਸ਼ਾਸ ਕਵੀ ਉਹਨਾਂ ਮਨੁੱਖਾਂ ਦੀ ਮਾਨਸਿਕਤਾ, ਜਿਹੜੇ ਲੰਘੇ ਸਮਿਆਂ ਨੂੰ ਛੂਹਦੇ ਹਨ, ਇੰਜ ਧਿਆਨ ਕਰਦਾ ਹੈ :-

ਨਾਲ ਸਮੇਂ ਦੇ ਟੁਰਦੇ ਤਾਂ ਕੁਛ ਖੱਟ ਜਾਂਦੇ,
ਵਕਤੋਂ ਦੂਰੀ ਰੱਖੀ ਹੁਣ ਪਛਤਾਉਂਦੇ ਹਾਂ।

ਮੰਗਲ ਵਾਂਗੂੰ ਰੁੱਖੀ ਸੁੱਕੀ ਖਾਧੀ ਨਾ,
ਚੇਤੇ ਰੱਖੀ ਚੂਰੀ, ਹੁਣ ਪਛਤਾਉਂਦੇ ਹਾਂ।

ਕਿਹਾ ਜਾਂਦਾ ਹੈ, ਦਲੀਲ ਨੂੰ ਸੋਚ ਉਡਾਰੀ ਦੇ ਖੰਭ ਲਾਉਣਾ ਹੀ ਕਵਿਤਾ ਹੈ, ਜਾਂ ਕਹਿ ਸਕਦੇ ਹਾਂ, ਕਵਿਤਾ ਮਨ ਦੀ ਉਡਾਰੀ ਦਾ ਪ੍ਰਗਟਾ ਹੈ। ਪਰ ਇਹ ਗੱਲ ਅੱਜ ਦੇ ਸਮੇਂ ਵਿੱਚ ਮੈਂ ਸਮਝਦਾ ਹਾਂ ਪ੍ਰਸੰਗਿਕ ਨਹੀਂ ਹੈ। ਅੱਜ ਦੇ ਸਮੇਂ ਦੀ ਕਵਿਤਾ ਜ਼ਮੀਨ ਨਾਲ ਜੁੜੀ ਕਵਿਤਾ ਹੈ, ਆਪਣੇ ਲੋਕਾਂ ਦੇ ਮਨ ਦੀ ਬਾਤ ਪਾਉਂਦੀ ਹੈ। ਅੱਜ ਪੂੰਜੀਵਾਦੀ ਸੱਤਾ ਨੇ ਮਨੁੱਖ ਨੂੰ ਬੇਹੱਦ ਸਵਾਰਥੀ ਬਣਾ ਦਿੱਤਾ ਹੈ, ਉਹ ਸਿਰਫ਼ ਨਿੱਜ ਲਈ ਫ਼ਿਰਕਮੰਦ ਹੈ। ਮੰਗਲ ਮਦਾਨ, ਅੱਜ ਦੇ ਮਨੁੱਖ ਦੀ ਭਾਵ ਵਿਸ਼ਵੀ-ਕਰਨ ਦੇ ਮਨੁੱਖ ਦੀ ਗੱਲ ਕਰਦਾ ਹੈ।

ਸ਼ਕਲੋਂ ਤਾਂ ਇਨਸਾਨ ਜਿਹੇ ਹਾਂ।
ਅਮਲੋਂ ਪਰ ਸ਼ੈਤਾਨ ਜਿਹੇ ਹਾਂ।
ਜਿਸਨੂੰ ਲੁੱਟਿਆ ਆਪਣਿਆਂ ਨੇ,
ਭਾਰਤ ਦੇਸ਼ ਮਹਾਨ ਜਿਹੇ ਹਾਂ।

ਅਜਿਹੀਆਂ ਖ਼ੂਬਸੂਰਤ ਅਤੇ ਅਰਥ-ਭਰਪੂਰ ਗ਼ਜ਼ਲਾਂ ਦੇ ਨਾਲ ਨਾਲ, ਮੰਗਲ ਮਦਾਨ ਨੇ ਸਾਹਿਤਕ ਗੀਤਾਂ ਵਿੱਚ ਸ਼ਲਾਘਾਯੋਗ ਕਾਰਜ ਕੀਤਾ ਹੈ। ਅੱਜ ਦੇ ਦੌਰ ਵਿੱਚ ਸਾਡੇ ਵਧੇਰੇ ਗੀਤਕਾਰਾਂ ਨੇ ਸਭਿਆਚਾਰਕ ਗੀਤਾਂ ਦੇ ਨਾਮ ਹੇਠ ਏਨਾ ਪ੍ਰਦੂਸ਼ਣ ਫੈਲਾਇਆ ਹੋਇਆ ਹੈ, ਉਹਨਾਂ ਨੂੰ ਪੰਜਾਬੀ ਗੱਭਰੂ, ਸ਼ਰਾਬਾਂ ਪੀ ਕੇ ਲਲਕਾਰੇ ਮਾਰਦੇ ਦਿੱਸਦੇ ਹਨ, ਮੋਢਿਆਂ ਉੱਪਰ ਸਦਾ ਹਥਿਆਰ ਰੱਖਦੇ ਹਨ। ਤਿੱਲੇਦਾਰ ਜੁੱਤੀਆਂ ਪਹਿਨਦੇ ਹਨ ਤੇ ਤੁਰਲ੍ਹੇ ਵਾਲੀ ਕਾਲੀ ਪੱਗ ਬੰਨ੍ਹਦੇ ਹਨ। ਪਰ ਮੰਗਲ ਮਦਾਨ ਦੇ ਗੀਤ, ਇਹਨਾਂ ਤੱਤੇ ਅਤੇ ਅਸ਼ਲੀਲ ਗੀਤਾਂ ਦੀ ਤਪਸ਼ ਭਰੇ ਇਸ ਮਾਹੌਲ ਵਿੱਚ ਠੰਢੀ ਫੁਹਾਰ ਵਾਂਗ ਆਏ ਹਨ :

ਅਸੀਂ ਕੰਧ ਵਿੱਚ ਉੱਗੇ ਹੋਏ ਰੁੱਖ ਬੇਲੀਓ
ਸਾਡੀ ਉਮਰੋਂ ਲੰਮੇਰਾ, ਸਾਡਾ ਦੁੱਖ ਬੇਲੀਓ
ਨਾ ਕਿਸੇ ਸਾਨੂੰ ਹੱਥੀ ਲਾਇਆ
ਨਾ ਕਿਸੇ ਸਾਨੂੰ ਦਿੱਤਾ ਪਾਣੀ।
ਨਾ ਕਿਸੇ ਸਾਡੀ ਰਾਖੀ ਕੀਤੀ।
ਨਾ ਕਿਸੇ ਸਾਡੀ ਛਾਂ ਹੈ ਮਾਣੀ।
ਅਸੀਂ ਉੱਗੇ ਤਾਂ ਪੀਲੇ ਪੈ ਗਏ, ਮੁੱਖ ਬੇਲੀਓ,
ਅਸੀਂ ਕੰਧ ਵਿੱਚ ਉੱਗੇ ਹੋਏ ਰੁੱਖ ਬੇਲੀਓ

ਜਾਂ

ਬੱਸ ਇਕੋ ਗੱਲ ਆਖਾਂ ਵਾਰ ਵਾਰ ਜੋਗੀਆ।
ਮੈਨੂੰ ਛੱਡ ਕੇ ਨਾ ਜਾਈਂ, ਉਸ ਪਾਰ ਜੋਗੀਆ।

ਅੱਜ ਦੇ ਦੌਰ ਵਿੱਚ, ਗੀਤਾਂ ਰਾਹੀਂ ਪਲੀਤ ਕੀਤੇ ਸਭਿਆਚਾਰ ਨੂੰ ਬਚਾਉਣ ਲਈ ਮੰਗਲ ਮਦਾਨ ਵੱਲੋਂ ਰਚੇ ਗਏ ਸਾਹਿਤਕ ਅਤੇ ਸਾਫ਼-ਸੁਥਰੇ ਗੀਤਾਂ ਦੀ ਬੜੀ ਲੋੜ ਹੈ। ਉਨ੍ਹਾਂ ਵੱਲੋਂ ਰਚੇ ਗਏ ਇੱਕ ਗੀਤ ਵਿੱਚ ਜਵਾਨੀ ਦੀ ਉਮਰ ਨੂੰ ਬਿਆਨਣ ਦਾ ਅੰਦਾਜ਼ ਵੇਖਣ ਵਾਲਾ ਹੈ :-

ਆਪੇ ਛਣਕ ਪੈਂਦੀ ਵੰਗ, ਆਪੇ ਬੁੱਲ੍ਹ ਪੈਂਦੇ ਹੱਸ,
ਮੇਰਾ ਦਿਲ ਵੀ ਨਾ ਰਿਹਾ, ਹੁਣ ਮੇਰੇ ਹੱਥ ਵੱਸ।
ਘਰ ਆਪਣੇ 'ਚ ਮੈਂ ਤਾਂ ਮਹਿਮਾਨ ਹੋ ਗਈ,
ਨੀ ਮੈਂ ਸੱਚੀਂ ਮੁੱਚੀਂ ਅੜੀਓ ਜਵਾਨ ਹੋ ਗਈ।

ਬੀਤ ਗਏ ਸਮੇਂ ਦੇ ਚੰਗੇ ਵਰਤਾਰਿਆਂ ਨੂੰ ਸਬਰ, ਸੰਤੋਖ ਵਾਲੇ ਮਨੁੱਖਾਂ ਨੂੰ ਚੇਤੇ ਕਰਦਿਆਂ ਕਵੀ ਦੇ ਹਿਰਦੇ ਵਿੱਚੋਂ ਹੇਰਵਾ ਅਤੇ ਪੀੜ ਉਜਾਗਰ ਹੁੰਦੀ ਹੈ:-

ਗਲੀ 'ਚੋਂ ਨਿਆਣਿਆਂ ਨੂੰ, ਘਰਾਂ 'ਚੋਂ ਸਿਆਣਿਆਂ ਨੂੰ,
ਭੜੋਲਿਆਂ 'ਚੋਂ ਦਾਣਿਆਂ ਨੂੰ, ਲੋਕੋ ਲੱਭਦੇ ਫਿਰੋਗੇ।
ਰੁੱਖੀ-ਸੁੱਕੀ ਖਾਣ ਵਾਲੇ, ਸ਼ੁਕਰ ਮਨਾਉਣ ਵਾਲੇ,
ਬੋਲਾਂ ਨੂੰ ਪਗਾਉਣ ਵਾਲੇ, ਲੋਕੋ ਲੱਭਦੇ ਫਿਰੋਗੇ।

ਉਪਰੋਕਤ ਵੇਰਵਿਆਂ ਤੋਂ ਇਹ ਜ਼ਾਹਰ ਹੁੰਦਾ ਹੈ, ਮੰਗਲ ਮਦਾਨ ਦੀ ਸ਼ਾਇਰੀ, ਅਰਸ਼ੋਂ ਉਤਰੀ ਸ਼ਾਇਰੀ ਨਹੀਂ ਹੈ, ਜਾਂ ਮਨ ਦੀ ਉਡਾਰੀ ਦੀ ਕਵਿਤਾ ਨਹੀਂ ਹੈ, ਸਗੋਂ ਸਮੁੱਚੀ ਮਨੁੱਖਤਾ ਦੀ ਆਵਾਜ਼ ਹੈ, ਸਮੇਂ ਦਾ ਸੱਚ ਹੈ। ਮੰਗਲ ਮਦਾਨ ਧਰਤੀ ਨਾਲ ਜੁੜਿਆ ਸ਼ਾਇਰ ਸੀ, ਉਸਨੂੰ ਲੋਕ ਮੁਹਾਵਰੇ, ਅਖਾਣਾ, ਲੋਕ-ਕਿੱਤਿਆਂ ਦੀ ਡੂੰਘੀ ਮੁਹਾਰਤ ਹਾਸਲ ਸੀ। ਇਸ ਤਰ੍ਹਾਂ ਉਸਦੀ ਕਵਿਤਾ, ਅਨੁਭਵ ਅਤੇ ਅਹਿਸਾਸ ਦੀ ਕਵਿਤਾ ਹੈ। ਉਸਨੇ ਨਿੱਜ ਨਾਲੋਂ ਵਧੇਰੇ, ਲੋਕਾਂ ਦੀ ਗੱਲ ਕੀਤੀ ਹੈ। ਮੰਗਲ ਮਦਾਨ ਸਮਾਜ ਵਿੱਚ ਵਾਪਰਦੇ ਗਲਤ ਵਰਤਾਰੇ ਨੂੰ

ਮਹਿਸੂਸਦਾ ਦੁਖੀ ਹੁੰਦਾ ਆਪਣੇ ਅੰਦਰਲੀ ਵੇਦਨਾ ਨੂੰ ਕਵਿਤਾ ਰਾਹੀਂ (ਗ਼ਜ਼ਲਾਂ-ਗੀਤਾਂ) ਪ੍ਰਗਟ ਕਰਦਾ ਹੈ। ਉਹ ਆਪਣੇ ਸਮਕਾਲੀ ਸਮੇਂ ਤੋਂ ਪੂਰੀ ਤਰ੍ਹਾਂ ਜਾਗਰੂਕ ਸੀ। ਅਜਿਹੇ ਜਾਗਰੂਕ ਕਵੀ ਹੀ ਵਕਤ ਦੀ ਨਜ਼ਰ ਨਾਲ ਨਜ਼ਰ ਮਿਲਾਕੇ ਚਲਦੇ ਹਨ। ਅੱਜ ਮੰਗਲ ਮਦਾਨ ਭਾਵੇਂ ਸਾਡੇ ਵਿਚਕਾਰ ਨਹੀਂ ਹੈ। ਉਸਦੀ ਬੇ-ਵਕਤ ਮੌਤ ਕਾਰਨ ਪੰਜਾਬੀ ਕਵਿਤਾ ਨੂੰ, ਸਾਫ਼-ਸੁਥਰੀ ਗੀਤਕਾਰੀ ਨੂੰ ਬੜੀ ਢਾਅ ਲੱਗੀ ਹੈ। ਮੈਂ ਸਮਝਦਾ ਹਾਂ, ਕਵੀ ਕਿਸੇ ਵੀ ਦਾਰਸ਼ਨਿਕ ਜਾਂ ਇਤਿਹਾਸਕਾਰ ਨਾਲੋਂ ਮਹਾਨ ਹੁੰਦਾ ਹੈ। ਮੰਗਲ ਮਦਾਨ ਆਪਣੀਆਂ ਗ਼ਜ਼ਲਾਂ ਰਾਹੀਂ, ਆਪਣੇ ਗੀਤਾਂ ਰਾਹੀਂ ਤੇ ਆਪਣੀ ਕਵਿਤਾ ਰਾਹੀਂ ਸਦਾ ਪੰਜਾਬੀ ਪਾਠਕਾਂ ਦੇ ਮਨਾਂ ਵਿੱਚ ਜਿਉਂਦਾ ਰਹੇਗਾ। ਆਖ਼ਰ ਵਿੱਚ ਮੰਗਲ ਮਦਾਨ ਬਾਰੇ ਮੈਂ ਇਹੀ ਕਹਾਂਗਾ :

ਉਹ ਕਦੀ ਖ਼ੁਦੀ ਨਾਲ
ਕਦੇ ਬੇਖ਼ੁਦੀ ਨਾਲ
ਉਹ ਆਪਣੇ ਨਾਲ ਵੀ
ਬੜੀ ਸੰਜੀਦਗੀ ਨਾਲ ਲੜਦਾ ਸੀ।

ਬਲਦੇਵ ਸਿੰਘ (ਸੜਕਨਾਮਾ)
ਮੋਗਾ
ਅਪ੍ਰੈਲ 2015

ਮੰਗਲ ਮਦਾਨ ਲਈ

ਗੀਤਾਂ ਦਾ ਬਾਦਸ਼ਾਹ, ਗਜ਼ਲਗੋ ਤੇ ਸਟੇਜਾਂ ਦੀ ਸ਼ਾਨ
ਦੋ ਕਿਤਾਬਾਂ ਦਾ ਲੇਖਕ
ਪ੍ਰਸਿੱਧ ਗਾਇਕਾਂ ਦੀ ਆਵਾਜ਼ ਵਿੱਚ ਜਿਸਦੇ ਗੀਤਾਂ ਦੀ ਧਮਕ
ਸਾਡੇ ਦਿਲ ਦੀ ਧੜਕਣ ਸੀ ਜੋ
ਸਾਡੇ ਮਨਾਂ ਤੇ ਕਬਜ਼ਾ ਸੀ ਜਿਸਦਾ
ਆਰਥਿਕ ਤੰਗੀਆਂ ਵਿੱਚ ਵੀ ਮੰਗਲ
ਦੋਸਤਾਂ ਮਿੱਤਰਾਂ ਨੂੰ ਗਲ ਨਾਲ ਲਾਉਂਦਾ ਸੀ
ਭਰਪੂਰ ਸੇਵਾ ਕਰਦਾ ਸੀ
ਇਹ ਸ਼ਾਇਦ ਉਸ ਦੀ ਰੂਹ ਦੀ ਪਿਆਸ ਸੀ
ਜਾਂ ਉਸਦੇ ਮੋਹ ਭਿੱਜੇ ਸੁਭਾਅ ਦਾ ਪ੍ਰਤੀਕ ਸੀ

ਮੰਗਲ ਦੀਆਂ ਕਿਤਾਬਾਂ, ਚਿੱਠੀਆਂ, ਗੱਲਾਂਬਾਤਾਂ
ਜਦ ਸਾਰੇ ਆਲੇ ਦੁਆਲੇ ਘੁੰਮੀਆਂ ਹਨ
ਤਾਂ ਜੀਅ ਕਰਦਾ ਹੈ
ਜੇ ਕਿਤੇ ਉਹ ਸੁਣਦਾ ਹੋਵੇ, ਵੇਖਦਾ ਹੋਵੇ
ਤਾਂ ਕਹਿ ਦੇਵਾਂ
“ਤੈਨੂੰ ਆਖਾਂ ਮੈਂ ਕਿੰਝ ਮੰਗਲਾ
ਜਾਨ ਤੋਂ ਪਿਆਰਿਆਂ ਨੂੰ
ਛੱਡ ਜਾਈਦਾ ਨਹੀਂ ਇੰਝ ਮੰਗਲਾ”
ਉਹ ਆਪਣੀ ਕਹੀ ਗੱਲ ਸੱਚ ਕਰ ਗਿਆ
ਸਾਨੂੰ ਇਕੱਲਾ ਛੱਡ ਗਿਆ
ਕੀ ਹੁਣ ਅਸੀਂ ਸਭ ਉਸਦੀਆਂ
ਯਾਦਾਂ ਵਿੱਚ ਗੁੰਮ ਜਾਈਏ
ਉਦਾਸੀਆਂ ਦੇ ਆਲਮ ਵਿੱਚ ਵਿਚਲਦੇ ਰਹੀਏ
ਪਰੰਤੂ ਇੰਝ ਨਹੀਂ ਹੋ ਸਕਦਾ-ਇੰਝ ਨਹੀਂ ਕਰਨਾ

ਅੱਜ ਵੀ ਸਾਡੇ ਦਿਲ ਵਿੱਚ ਰਹਿੰਦਾ ਹੈ
ਉਹ ਅੱਜ ਵੀ ਸਾਡੇ ਖਿਆਲਾਂ ਵਿੱਚ ਘੁੰਮਦਾ ਹੈ

ਉਹ ਸਾਡੇ ਸਭਨਾਂ ਦਾ ਪਿਆਰਾ ਸੀ
ਜੋ ਸਾਡਾ ਛੋਟਾ ਵੀਰ ਸੀ
ਉਹ ਹੋਰ ਕੋਈ ਨਹੀਂ, ਜੋ ਸਾਨੂੰ ਅਲਵਿਦਾ ਕਹਿ ਗਿਆ
ਉਹ ਮਿੱਠੀ ਖੂਹੀ ਦਾ ਮਿੱਠਾ ਮੰਗਲ ਮਦਾਨ ਸੀ

ਹਰ ਸ਼ਹਿਰ ਵਿੱਚ ਟੈਲੀਫੋਨ ਐਕਸਚੇਂਜ ਹੁੰਦੀ ਹੈ
ਪਰ ਲੇਖਕਾਂ, ਸਾਹਿਤਕਾਰਾਂ, ਬੁਧੀਜੀਵਾਂ ਅਤੇ ਕਲਾਕਾਰਾਂ ਦੀ ਅਲੱਗ
ਐਕਸਚੇਂਜ
ਜਿਸ ਨੂੰ ਸਾਹਿਤਕ ਐਕਸਚੇਂਜ ਵੀ ਕਹਿ ਸਕਦੇ ਹਾਂ
ਸ਼ਾਇਦ ਹੀ ਕਿਤੇ ਹੋਵੇ
ਪਰ ਮਿੱਠੀ ਖੂਹੀ ਮਲੋਟ ਵਿੱਚ ਇਹੀ ਸੀ
ਜਿਸ ਦਾ ਨਾਂਅ ਸੀ ਮੰਗਲ ਮਦਾਨ
ਨਰਾਜ਼ ਹੋਏ ਖਫ਼ਾ ਹੋਏ ਦੋਸਤਾਂ ਮਿੱਤਰਾਂ ਨੂੰ
ਮਿਲਾਉਣਾ ਇਸ ਐਕਸਚੇਂਜ ਦਾ ਕੰਮ ਸੀ

ਇਕ ਇਨਸਾਨ ਜੋ ਹਸਮੁੱਖ, ਹਿੰਮਤੀ, ਆਸ਼ਾਵਾਦੀ, ਮਿਠੜਾ, ਮਿਲਾਪੀ ਸੀ

ਉਸ ਲਈ ਹਰ ਵਕਣ ਰੋਣਾ ਜਾਂ ਉਦਾਸ ਹੋਣ ਦੀ ਬਜਾਏ
ਉਸਦੇ ਰਾਹਾਂ ਨੂੰ ਅਪਣਾਕੇ
ਇਕ ਹੋਰ ਮੰਗਲ ਬਣੀਏ
ਤਾਂ ਜੋ ਉਸਦੀ ਐਕਸਚੇਂਜ ਚਲਦੀ ਰਹੇ
ਮਿੱਠੀ ਖੂਹੀ ਦਾ ਨਾਮ ਹਮੇਸ਼ਾ ਜਿਉਂਦਾ ਰਹੇ
ਆਮੀਨ.....

ਰਜਿੰਦਰ ਮਾਜੀ
ਅਬੋਹਰ

ਸਾਡਾ ਮੰਗਲ

ਮੈਥੋਂ ਅੱਜ ਤੱਕ ਮੰਨ ਨਹੀਂ ਹੋਇਆ ਕਿ ਮੈਂ ਜਦ ਮੰਗਲ ਦੇ ਘਰ ਜਾਵਾਂਗਾ ਤਾਂ ਮੰਗਲ ਨਿੱਘੀ ਗਲਵੱਕੜੀ ਨਾਲ ਮੇਰਾ ਇਸਤ-ਇਕਬਾਲ ਨਹੀਂ ਕਰੇਗਾ। ਮੈਂ ਜਦ ਵੀ ਮੁੰਬਈ ਤੋਂ ਮਲੋਟ ਆਇਆ ਹੁਨਾ, ਨੰਨ੍ਹੀ ਭਾਬੀ ਹੁਰਾਂ ਨੂੰ ਜਦ ਸਤਿ ਸ੍ਰੀ ਆਕਾਲ ਕਹਾਂਗਾ ਤਾਂ ਸਤਿ ਸ੍ਰੀ ਆਕਾਲ ਦੇ ਜਵਾਬ ਦੇ ਨਾਲ ਹੀ ਇੱਕ ਮੁਸਕਰਾਹਟ ਚੋਂ ਸਵਾਲਾਂ ਦੀ ਝੜੀ ਆਏਗੀ। "ਹੁਣ ਤੂੰ ਮੁੰਬਈ ਕਦ ਜਾਣਾ? 'ਕੱਲਾ ਕਿਉਂ ਆਇਆ ਹੈਂ? ਨੇਹਾ ਨੂੰ ਕਿਉਂ ਨਹੀਂ ਨਾਲ ਲੈ ਕੇ ਆਇਆ? ਵਿੱਚੋਂ ਮੰਗਲ ਬੋਲ ਪਿਆ 'ਹੁਣ ਇਹ ਮਲੋਟ ਜੋਗਾ ਨਹੀਂ ਰਿਹਾ।' ਤੇ ਮੈਂ ਰਾਵਣ ਹਾਸਾ ਨਹੀਂ ਹੱਸਾਂਗਾ।

ਨੈਨ੍ਹੀ ਭਾਬੀ ਨੇ ਕਦੀ ਕਿਸੇ ਆਏ ਗਏ ਤੇ ਮੱਥੇ ਵੱਟ ਨਹੀਂ ਸੀ ਪਾਏ। ਮੰਗਲ ਦੇ ਦੋਸਤਾਂ ਨੂੰ ਤੇ ਚਾਹੁਣ ਵਾਲਿਆਂ ਨੂੰ ਉਹ ਚਾਹ ਪਾਣੀ ਇੱਕ ਰੂਹਾਨੀ ਮੁਸਕਰਾਹਟ ਨਾਲ ਹੀ ਪੇਸ਼ ਕਰਦੀ ਸੀ, ਤੇ ਹੁਣ ਮੰਗਲ ਦੇ ਦੋਸਤਾਂ ਦੇ ਆਏ ਤੇ ਉਹਨਾਂ ਦੀਆਂ ਅੱਖਾਂ ਬਾਹਰ ਆਉਂਦੀਆਂ ਨੇ।

ਅਸਲ 'ਚ ਮੰਗਲ ਦੇ ਘਰ ਸ਼ਾਇਰਾਂ, ਗਾਇਕਾਂ, ਪੇਂਟਰਾਂ, ਡਰਾਮੇ-ਬਾਜ਼ਾਂ, ਫ਼ਿਲਮ ਐਕਟਰਾਂ, ਫ਼ਿਲਮ ਮੇਕਰਾਂ ਤੇ ਲੋੜ-ਵੰਦਾਂ ਦੀ ਇੱਕ ਬਹੁਤ ਮਨ-ਭਾਉਂਦੀ ਠਾਹਰ ਸੀ। ਇਹ ਕਹਿਣਾ ਕੋਈ ਅਨੋਖੀ ਗੱਲ ਨਹੀਂ ਕਿ ਇਹ ਸਭ ਲੋਕ ਮਲੋਟ ਤੋਂ ਬਾਹਰ ਜਾਣ, ਮਿੱਠੀ ਖੂਹੀ, ਵਾਲੇ ਮੰਗਲ ਨੂੰ ਸਲਾਮ ਕੀਤੇ ਬਿਨਾਂ ਲੰਘਣਾ ਗਵਾਰਾ ਨਹੀਂ ਕਰਦੇ ਸਨ, ਸੱਚੀ ਗੱਲ ਇਹ ਹੈ ਕਿ ਮੰਗਲ ਕੋਲੋਂ ਜਲਪਾਣੀ, ਚਾਹ ਜਾਂ ਦਾਰੂ ਦਾ ਘੁੱਟ ਪੀਤੇ ਬਿਨਾਂ ਲੰਘਣਾ ਇਸ ਤਰ੍ਹਾਂ ਲੱਗਦਾ ਸੀ ਜਿਵੇਂ ਮੰਦਿਰ ਜਾਂ ਗੁਰੂਦੁਆਰੇ 'ਚੋਂ ਕੋਈ ਬਿਨਾਂ ਪਰਸ਼ਾਦ ਲਏ ਆ ਜਾਵੇ।

ਮੰਗਲ ਦੀ ਸ਼ਖ਼ਸ਼ੀਅਤ ਮਲੋਟ ਸ਼ਹਿਰ ਦੀ ਰੂਹ ਹੈ। ਮਹੱਲਾ ਮਿਠੀ ਖੂਹੀ, ਜਾਂ ਖੇਸਾਂ ਵਾਲੀ ਗਲੀ ਉਸਦੇ ਐਡਰੈਸ ਦੇ ਨਾਲ ਲਿਖਣ ਦੀ ਕੱਤੀ ਲੋੜ ਨਹੀਂ ਸੀ।

"ਮੰਗਲ ਮਦਾਨ ਮਿੱਠੀ ਖੂਹੀ ਮਲੋਟ।" ਜ਼ਰੂਰਤ ਤੋਂ ਵੀ ਜ਼ਿਆਦਾ ਕਾਫ਼ੀ ਸੀ।

ਮੰਗਲ ਤੇ ਮੇਰੀ ਪ੍ਰਾਇਮਰੀ ਦੀ ਪੜ੍ਹਾਈ ਸਰਕਾਰੀ ਪ੍ਰਾਇਮਰੀ ਸਕੂਲ ਕੱਚੀ ਮੰਡੀ ਮਲੋਟ 'ਚ ਹੋਈ, ਜੋ ਅੱਜ-ਕੱਲ੍ਹ ਹਾਈ ਸਕੂਲ ਹੈ। ਮੰਗਲ ਮਦਾਨ ਇੱਕ ਸਾਲ ਜੂਨੀਅਰ ਸੀ। ਬਾਅਦ 'ਚ ਅਸੀਂ ਸਰਕਾਰੀ ਹਾਈ ਸਕੂਲ ਪੱਕੀ ਮੰਡੀ 'ਚ ਪੜ੍ਹੇ। ਸਾਡੀ ਉਝ ਤਾਂ ਜਾਣ-ਪਹਿਚਾਣ ਸੀ, ਪਰ ਮੰਗਲ ਸ਼ਾਇਰ ਹੈ ਇਸ ਦਾ ਇਲਮ ਮੈਨੂੰ ਗੁਰਮੀਤ ਮੀਤ ਤੋਂ ਹੋਇਆ, ਜੋ ਕਿ ਸ਼ੁਰੂਆਤੀ ਸ਼ਾਇਰੀ ਦੇ ਦੌਰ 'ਚੋਂ ਮੇਰੇ ਕੋਲ ਆਪਣੀਆਂ, ਨਜ਼ਮਾਂ, ਕਵਿਤਾਵਾਂ, ਗ਼ਜ਼ਲਾਂ, ਜਾਂ ਜੋ ਕੁਝ ਵੀ ਉਹ ਲਿਖਦਾ ਸੀ, ਸੁਣਾਉਣ ਆਇਆ ਕਰਦਾ ਸੀ। ਤੇ ਐਦਾਂ ਬਾਦ 'ਚ ਮੰਗਲ ਤੇ ਮੀਤ ਦੇ ਨਾ

ਜਾਨੇ ਕਿਸੇ ਗੱਲ ਤੋਂ ਮਨ-ਮੁਟਾਵ ਹੋ ਗਏ, ਪਰ ਮੇਰੀ ਮੰਗਲ ਨਾਲ ਦੋਸਤੀ ਅੱਜ ਤੱਕ ਕਾਇਮ ਹੈ, ਜੇ ਆਤਮਾਵਾਂ ਵਾਲੀ ਮੌਤ 'ਚ ਕੋਈ ਸਚਾਈ ਹੈ, ਮਰਕੇ ਮੈਂ ਮੰਗਲ ਨਾਲ ਪਹਿਲੀ ਵਾਰੀ ਲੜਿਆਂ, ਭਾਈ ਤੈਨੂੰ ਸਾਨੂੰ ਛੱਡ ਕੇ ਜਾਣ ਦੀ ਐਡੀ ਕੀ ਜਲਦੀ, ਨਾਲੇ ਉਸ ਭੈਣ ਦੇਨੇ ਰੱਬ ਦੇ ਵੀ ਜੁੰਡੇ ਪੱਟੂ।

ਪਤਾ ਲੱਗਾ ਕਿ ਇਹ ਦੋਵੇਂ ਮੰਗਲ ਤੇ ਮੀਤ, ਜਨਾਬ ਦੀਪਕ ਜੈਤੋਈ ਸਾਹਿਬ ਦੇ ਸਕੂਲ 'ਚ ਸ਼ਾਗਿਰਦ ਨੇ, ਕਿਉਂਕਿ ਮੈਂ ਵੀ ਟੁੱਟੀ ਫੁੱਟੀ ਗ਼ਜ਼ਲ ਲਿਖਦਾ ਸੀ, ਸੋ ਮੰਗਲ ਤੇ ਮੀਤ ਨੇ ਦੱਸਿਆ ਕਿ ਮੈਂ ਜਨਾਬ ਦੀਪਕ ਜੈਤੋਈ ਸਾਹਿਬ ਤੋਂ ਗ਼ਜ਼ਲ ਦੇ ਹੁਨਰ 'ਚ ਮਾਹਰ ਹੋ ਸਕਦਾ ਹਾਂ ਤੇ ਮੈਂ ਮੰਗਲ ਤੇ ਮੀਤ ਦੇ ਕਹੇ ਜਨਾਬ ਦੀਪਕ ਜੈਤੋਈ ਸਾਹਿਬ ਦੇ ਲੜ ਲੱਗ ਗਿਆ।

ਮੇਰੀ ਗ਼ਜ਼ਲ ਦੀ ਸਕੂਲਿੰਗ ਜਨਾਬ ਦੀਪਕ ਜੈਤੋਈ ਸਾਹਿਬ ਦੇ ਬੇਵਕਤ ਅਕਾਲ ਚਲਾਣਾ ਕਰਨ ਕਾਰਨ ਵਿੱਚ ਹੀ ਰਹਿ ਗਈ। ਉਸ ਤੋਂ ਬਾਅਦ ਮੰਗਲ ਮੇਰੇ ਲਈ ਜਨਾਬ ਮੰਗਲ ਮਦਾਨ ਸਾਹਿਬ ਹੋ ਗਿਆ, ਕਿਉਂਕਿ ਉਸ ਬਾਅਦ ਜੋ ਗ਼ਜ਼ਲਾਂ ਲਿਖੀਆਂ ਮੰਗਲ ਨੇ ਉਹਨਾਂ ਦੀ ਇਸਲਾਹ ਕੀਤੀ।

ਮੁਸ਼ਕਿਲਾਂ ਬੇਹਿਸਾਬ ਹਨ ਰਾਹ ਵਿੱਚ,
ਮੁਸ਼ਕਿਲਾਂ ਦਾ ਹਿਸਾਬ ਕੀ ਕਰੀਏ,

ਮੰਗਲ ਨੇ ਮੈਨੂੰ ਹਮੇਸ਼ਾ ਜ਼ਿੰਦਗੀ ਨਾਲ ਲੜ੍ਹਨ ਲਈ ਹੱਲਾਸ਼ੇਰੀ ਦੇਣ ਦੇ ਨਾਲ ਨਾਲ ਮੇਰੇ ਮੁੰਬਈ 'ਚ ਸੰਘਰਸ਼ ਕਰਨ ਦੀ ਸਰਹਾਨਾ ਵੀ ਕੀਤੀ।

ਵਰਤਮਾਨ 'ਚ ਜੀਣਾ ਮੰਗਲ ਦੀ ਸ਼ਖ਼ਸ਼ੀਅਤ 'ਚ ਸ਼ੁਮਾਰ ਸੀ।

ਸੂਰਜ ਬਣ ਕੇ ਦੁਨੀਆਂ ਨੂੰ ਰੁਸ਼ਨਾਵਾਂਗਾ,
ਇਹ ਮੰਨਿਆ ਕਿ ਨੇਰ੍ਹੇ ਦਾ ਜਾਇਆ ਹਾਂ ਮੈਂ।

ਭਿਆਨਕ ਮੌਤ ਤੋਂ ਡਰ ਕੇ, ਤੁਸੀਂ ਡਰ ਡਰ ਕੇ ਜੀਂਦੇ ਹੋ,
ਜਦ ਖੜਕਾਇਆ, ਮੌਤ ਦਾ ਦਰ ਮੈਂ ਖੜਕਾਇਆ ਹੈ।

ਮੰਗਲ ਯਾਰਾਂ ਦਾ ਯਾਰ ਸੀ। ਹਸਰਤ ਦੀ ਫ਼ਿਲਮ..... ਲਈ ਮੰਗਲ ਕਈ ਦਿਨ ਮੁੰਬਈ ਰਿਹਾ, ਖਾਮ-ਖਾਹ ਨਾ ਲੈਣਾ ਨਾ ਦੇਣਾ, ਉਹ ਮੁੰਬਈ 'ਚ ਐਨਾ ਖੁੱਭ ਕੇ ਕੰਮ ਕਰ ਰਿਹਾ ਸੀ ਕਿ ਸਿਰਫ਼ ਵਾਪਸੀ ਤੋਂ ਇੱਕ ਦਿਨ ਪਹਿਲਾਂ ਮੇਰੇ ਘਰ ਆਇਆ, ਮੈਂ ਘਰ ਨਹੀਂ ਸਾਂ, ਉਸ ਰਾਤ ਦੱਸੇ ਹੋਟਲ 'ਚ ਮੈਂ ਉਸਨੂੰ ਮਿਲਣ ਗਿਆ ਤਾਂ ਪਤਾ ਲੱਗਾ ਕਿ ਹਸਰਤ ਨਹੀਂ ਆ ਸਕਦਾ ਸੀ ਇਸ ਜਨਾਬ ਕੰਮ ਕਾਰ ਛੱਡ ਕੇ ਹਸਰਤ ਦੀ ਜਗ੍ਹਾ ਫ਼ਿਲਮ ਦਾ ਪੋਸਟ-ਪ੍ਰੋਡਕਸ਼ਨ ਦਾ ਕੰਮ ਕਰਨ ਆਇਆ ਹੋਇਆ ਸੀ।

ਮੰਗਲ ਨੇ ਦੋਸਤਾਂ ਨੂੰ ਲੋੜ-ਪੈਣ ਤੇ ਆਰਥਿਕ ਮੱਦਦ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤੀ। ਮੈਂ ਇੱਕ ਵਾਰ ਮੰਗਲ ਤੋਂ 5000 ਰੁਪਏ ਲਿਆਇਆ ਸਾਂ। ਜੋ ਮੈਂ 6 ਮਹੀਨਿਆਂ ਬਾਅਦ ਵਾਪਿਸ ਕੀਤੇ, ਇਹਨਾਂ 6 ਮਹੀਨਿਆਂ ਵਿੱਚ ਘੱਟ ਤੋਂ ਘੱਟ ਹਰ ਮਹੀਨੇ ਮੇਰੀ ਦੋ ਤਿੰਨ ਵਾਰ ਮੁੰਬਈ ਤੋਂ ਮੰਗਲ ਨਾਲ ਗੁਫ਼ਤਗੂ ਹੋਈ ਹੋਣੀ ਐ, ਪਰ ਮਾਂ ਦੇ ਪੁੱਤ ਨੇ ਕਦੀ ਉਹਨਾਂ ਪੈਸਿਆਂ ਦਾ ਜ਼ਿਕਰ ਨਹੀਂ ਕੀਤਾ।

ਮੈਨੂੰ ਹਮੇਸ਼ਾ ਫ਼ਿਲਮ ਲਈ ਬਦਲਵੇ ਵਿਸ਼ਿਆਂ ਦੀ ਤਲਾਸ਼ ਰਹੀ ਹੈ। ਇੱਕ ਵਾਰੀ ਮੰਗਲ ਨਾਲ ਇਸ ਬਾਬਤ ਗੁਫ਼ਤਗੂ ਹੋਈ ਤਾਂ ਮੰਗਲ ਨੇ ਮੈਨੂੰ ਵੀਨਾ ਵਰਮਾ ਦੀ 'ਮੁੱਲ ਦੀ ਤੀਵੀਂ' ਸ਼ੋਰਟ ਸਰੋਟੀਆਂ ਦੀ ਕਿਤਾਬ ਭੇਟ ਕੀਤੀ। ਪਰ 'ਫਰੰਗੀਆਂ ਦੀ ਨੂੰਹ' ਰਿੰਕੂ ਅੰਮ੍ਰਿਤਰਾਜ ਦੇ ਹੱਥ ਮੁੰਬਈ ਭੇਜੀ, ਜਿਨ੍ਹਾਂ 'ਚੋਂ ਦੋ ਕਹਾਣੀਆਂ ਦੇ ਸਕਰੀਨਪਲੇਅ ਤੇ ਕੰਮ ਕਰ ਰਿਹਾ ਹਾਂ ਤੇ ਵੀਨਾ ਵਰਮਾ ਨਾਲ ਵੀ ਇਸ ਬਾਬਤ ਮੇਰੀ ਗੱਲ ਹੋ ਚੁੱਕੀ ਹੈ।

ਮੇਰੇ ਦੋਸਤਾਂ 'ਚੋਂ ਮੰਗਲ ਮੇਰੀ ਮਾਂ ਦਾ ਵੀ ਚਹੇਤਾ ਸੀ। ਗੱਗੂ ਗਿੱਲ ਵਾਲੀ 'ਯਾਰਾਂ ਨਾਲ ਬਹਾਰਾਂ' ਜਿਸ 'ਚ ਮੈਂ ਇੱਕ ਰੋਲ ਕੀਤਾ ਸੀ ਤੇ ਇੱਕ ਗਾਣੇ 'ਚ ਪਲੇਅਬੈਕ ਵੀ ਕੀਤਾ ਸੀ, ਇਹ ਘਟਨਾ 1993 ਦੇ ਆਸ ਪਾਸ ਦੀ ਹੈ, ਮੈਂ ਅਬੋਹਰ, ਸ਼੍ਰੀ ਗੰਗਾਨਗਰ ਸ਼ੂਟਿੰਗ ਤੇ ਗਿਆ ਸੀ, ਮੇਰੀ ਬੇਟੀ ਸਨਾ ਦੀ ਮਾਂ ਨੇਹਾ ਉਸ ਵਕਤ ਮੇਰੀ ਗਰਲਫ਼ਰੈਂਡ, ਉਹ ਵੀ ਨਾਲ ਆਈ ਸੀ, ਸ਼ੂਟਿੰਗ ਪੂਰੀ ਹੋਣ ਤੋਂ ਬਾਅਦ ਮੇਰੀ ਹਿੰਮਤ ਨਹੀਂ ਸੀ ਕਿ ਮੈਂ ਉਸ ਨੂੰ ਮਲੋਟ ਆਪਣੇ ਘਰ ਲੈ ਜਾਵਾਂ, ਸੋ ਆਪਣੇ ਵੱਲੋਂ ਉਹਨੂੰ ਮੰਗਲ ਦੇ ਘਰ ਨੰਨ੍ਹੀ ਭਾਬੀ ਕੋਲ ਲੈ ਆਇਆ ਕਿ ਉਹ ਮੁੰਬਈ ਜਾਣ ਤੱਕ ਨੰਨ੍ਹੀ ਭਾਬੀ ਕੋਲ ਰਹਿ ਲੇਗੀ, ਪਤਾ ਲੱਗਾ ਨੰਨ੍ਹੀ ਭਾਬੀ ਪੇਕੀਂ ਗਈ ਹੋਈ ਸੀ, ਮੈਂ ਫਸ ਗਿਆ, ਉਸ ਨਾਜ਼ੁਕ ਦੌਰ 'ਚ ਮੰਗਲ ਮਾਂ ਕੋਲ ਗਿਆ ਤੇ ਮਾਂ ਨੂੰ, ਨੇਹਾ ਨੂੰ ਮੇਰੇ ਘਰ ਰੱਖਣ ਲਈ ਰਾਜ਼ੀ ਕਰ ਆਇਆ, ਮੇਰੀ ਮਾਂ ਨੂੰ ਇਸ ਮਸਲੇ ਤੇ ਮਨਾਉਣਾ ਕੋਈ ਕਿਸੇ ਸਾਧਾਰਨ ਸ਼ਖ਼ਸ਼ੀਅਤ ਦੇ ਵਸ ਦੀ ਗੱਲ ਨਹੀਂ ਸੀ। ਨੇਹਾ ਮੇਰੀ ਧਰਮ ਪਤਨੀ ਬਣੀ।

ਕਰਾਂਗਾ ਹਰ ਜਨਮ ਵਿੱਚ ਖਤਾ ਮੈਂ,
ਮੁਹੱਬਤ ਕਰਨਾ ਜੇ ਲੋਕੋ ਖਤਾ ਹੈ।

ਇੱਕ ਦਿਨ ਉਸ ਖ਼ੁਸ਼ ਹੋ ਕੇ ਦੱਸਿਆ ਕਿ ਰਿਸ਼ੀ ਵੀ ਕਵਿਤਾਵਾਂ ਲਿਖਣ ਲੱਗ ਪਿਆ ਹੈ। ਮੈਨੂੰ ਮਾਣ ਹੈ ਕਿ ਰਿਸ਼ੀ ਹਿਰਦੇਪਾਲ ਨੇ ਮੰਗਲ ਦੀ ਵਿਰਾਸਤ ਨੂੰ ਅੱਗੇ ਤੋਰਿਆ ਹੈ ਤੇ ਅੱਜ ਉਹ ਸਥਾਪਿਤ ਸ਼ਾਇਰ ਹੈ। ਰਿਸ਼ੀ ਸ਼ੁਭ ਇੱਛਾਵਾਂ...!!!

ਅੱਜ ਕੱਲ੍ਹ ਜਦ ਕਦੀ ਵੀ ਮੈਂ ਮੁੰਬਈ ਤੋਂ ਪੰਜਾਬ ਆਉਂਦਾ ਹਾਂ, ਤਾਂ ਲੁਧਿਆਣਾ ਜਿੱਥੇ ਮੇਰੇ ਬਜ਼ੁਰਗਾਂ ਦਾ ਘਰ ਹੈ, ਤੇ ਮੇਰਾ ਜਨਮ ਵੀ ਲੁਧਿਆਣੇ ਦਾ ਹੈ, ਮੈਨੂੰ ਮਲੋਟ ਫੇਰੀ ਪਾਏ ਬਿਨਾਂ ਚੈਨ ਨਹੀਂ ਆਉਂਦਾ, ਜਦ ਮੇਰਾ ਘਰ ਮਲੋਟ ਸੀ ਤਾਂ ਮੇਰਾ ਦੂਸਰਾ ਘਰ ਮੰਗਲ ਦਾ ਘਰ ਸੀ, ਤੇ ਅੱਜ ਵੀ ਮਲੋਟ ਵਿੱਚ ਮੰਗਲ ਦਾ

ਘਰ ਮੇਰਾ ਪਹਿਲਾ ਘਰ ਹੈ, ਜਿੱਥੇ ਆਕੇ ਮੰਗਲ ਤੋਂ ਬਿਨਾਂ ਹੁਣ ਮੈਨੂੰ ਘਬਰਾਹਟ ਹੁੰਦੀ ਹੈ।

ਇਸ ਵਾਰ ਜਦ ਮਲੋਟ ਇੱਕ ਦਿਨ ਲਈ ਆਇਆ ਤਾਂ ਨੰਨ੍ਹੀ ਭਾਬੀ ਨੂੰ ਯਾਦ ਕਰਵਾਇਆ ਕਿ ਉਹ ਮੈਨੂੰ ਮੁੰਬਈ ਤੋਂ ਆਏ ਨੂੰ ਜੋ ਕਿਹਾ ਕਰਦੀ ਸੀ ਅੱਜ ਨਹੀਂ ਕਿਹਾ ਕਿ "ਤੂੰ ਮੁੰਬਈ ਕਦੋਂ ਜਾਣਾ ਹੈ।" ਤਾਂ ਨੰਨ੍ਹੀ ਭਾਬੀ ਦੀਆਂ ਅੱਖਾਂ ਭਰ ਆਈਆਂ, ਉਹ ਫੁੱਸ-ਫਸਾਈ "ਮੈਂ ਇਹ ਕਿਉਂ ਕਹਿੰਦੀ ਸੀ" ਪਰ ਉਹਨ੍ਹਾਂ ਅੱਖਾਂ ਦੇ ਅੱਥਰੂ ਕਹਿ ਰਹੇ ਸੀ, "ਤੂੰ ਇੱਥੇ ਰਹਿ ਜਾ, ਪਰ ਮੰਗਲ ਵਾਪਿਸ ਲੈ ਆ"

ਲਿਖਣ ਨੂੰ ਤਾਂ ਮੰਗਲ ਦੇ ਬਾਰੇ ਪੋਥਾ ਲਿਖਿਆ ਜਾ ਸਕਦਾ ਪਰ ਰਿਸ਼ੀ ਵੱਲੋਂ ਇੱਕ ਸਿਰਫ਼ ਇੱਕ ਆਰਟੀਕਲ ਦੀ ਹਿਦਾਇਤ ਹੋਈ ਏ।

ਭਿਆਨਕ ਮੌਤ ਤੋਂ ਡਰ ਕੇ, ਤੁਸੀਂ ਡਰ ਡਰ ਕੇ ਜੀਂਦੇ ਹੋ,
ਮਗਰ ਮੈਂ ਮੌਤ ਚਾਹਾਵਾਂਗਾ, ਕਿਸੇ ਤੋਂ ਡਰਨ ਤੋਂ ਪਹਿਲਾਂ।

ਮੰਗਲ ਅੱਜ-ਕੱਲ੍ਹ ਕਿੱਥੇ ਰਹਿੰਦਾ,
ਇਹ ਖ਼ਬਰ ਲਿਖੋ ਚੋਰੀ ਚੋਰੀ।

ਇਲਤਾਂ ਕਰਦਾ ਸੂਰਜ ਸਾਡੇ ਹਾਸਿਆਂ ਨੂੰ ਯਤੀਮ ਕਰ ਗਿਆ।

ਮਿਤਵਾ ਉਰਫ਼ ਮੀਤਾ ਮਲੋਟ ਦਾ
ਮੋ : +91 99671 87716
+91 97698 88755

ਸਾਫ਼-ਸੁਥਰੇ ਗੀਤਾਂ ਦਾ ਲੇਖਕ

ਮੰਗਲ ਮਦਾਨ ਮੇਰੀ ਜਵਾਨੀ ਦੇ ਦਿਨਾਂ ਦਾ ਮੇਰਾ ਆੜੀ ਸੀ। ਯਾਰਾਂ ਦਾ ਯਾਰ, ਦਿਲਦਾਰ। ਆਪੋ-ਆਪਣੀ ਜਗ੍ਹਾ ਤੇ ਕੁਛ ਨਾ ਕੁਛ ਲਿਖਣ ਵਾਸਤੇ ਪੂਰਾ ਗਤੀਸ਼ੀਲ। ਮੈਨੂੰ ਯਾਦ ਹੈ ਸਾਡੀ ਗਿੱਦੜਬਾਹਾ ਸਾਹਿਤ ਸਭਾ ਹੁੰਦੀ ਸੀ ਤੇ ਉਹਨਾਂ ਦੀ ਮਲੋਟ। ਕਿਉਂਕਿ ਅਸੀਂ ਜ਼ਿਆਦਾਤਰ ਮਲੋਟ ਦੇ ਵਿਚ ਪੜ੍ਹੇ ਹਾਂ। ਸਾਡੇ ਸੰਗੀਤ ਦੇ ਉਸਤਾਦ ਡਾ. ਡੀ. ਐੱਸ. ਨਰੂਲਾ ਜੀ ਨਾਲ ਅਸੀਂ ਕਾਫ਼ੀ ਸੰਗਤ ਇਕੱਠਿਆਂ ਗਾਣੀ ਅਤੇ ਸੰਗੀਤ ਦੀਆਂ ਬਾਰੀਕੀਆਂ ਲਈਆਂ।

ਬੜਾ ਇਨਕਲਾਬੀ ਸ਼ਾਇਰ ਸੀ ਮੰਗਲ ਮਦਾਨ। ਉਹਦੀਆਂ ਗ਼ਜ਼ਲਾਂ, ਉਹਦੇ ਗੀਤ, ਉਹਦੇ ਬੋਲ ਮੇਰਾ ਖ਼ਿਆਲ ਹੈ ਆਉਣ ਵਾਲੀ ਦੁਨੀਆਂ ਨੂੰ ਯਾਦ ਰਹਿਣਗੇ। ਉਹਦਾ ਇੱਕ ਬਹੁਤ ਖ਼ੂਬਸੂਰਤ ਗੀਤ 'ਲੀਡਰ ਬਣ ਜਾ ਯਾਰ ਸਲਾਮਾਂ ਹੋਣਗੀਆਂ' ਮੈਨੂੰ ਅੱਜ ਵੀ ਯਾਦ ਹੈ। 'ਮਾਹੀਆ ਵੇ ਮੈਨੂੰ ਮੁੰਦਰੀ ਘੜਾ ਦੇ' ਗੀਤ ਪੰਜਾਬੀ ਗੀਤਕਾਰੀ ਦਾ ਹਾਸਿਲ ਹੈ।

ਮੈਂ ਬਹੁਤ ਦੁੱਖ ਮਹਿਸੂਸ ਕਰਦਾਂ ਉਹਨਾਂ ਦੇ ਜਾਣ 'ਤੇ, ਕਿਉਂਕਿ ਬਹੁਤ ਪਿਆਰਾ ਇਨਸਾਨ ਸੀ ਮੰਗਲ। ਮੇਰੇ ਵੱਲੋਂ ਉਹਨਾਂ ਦੇ ਪਾਠਕਾਂ ਨੂੰ ਜਿਹੜੇ ਵੀ ਉਹਨਾਂ ਨਾਲ ਮੁਹੱਬਤ ਦਾ ਰਿਸ਼ਤਾ ਰੱਖਦੇ ਸਨ ਤੇ ਹੁਣ ਇੱਕ ਸ਼ਾਇਰੀ ਦਾ ਰਿਸ਼ਤਾ ਹੈ, ਇਹ ਰੱਬ ਜੋੜੀ ਰੱਖੇ।

ਗੁਰਦਾਸ ਮਾਨ

ਵੱਖਰੀ ਭਾਂਤ ਦੀ ਸ਼ੈਲੀ ਦਾ ਮਾਲਿਕ ਮਦਾਨ

ਪੁਰਖਿਆਂ ਦੀ ਜਾਇਦਾਦ ਸਾਂਭਣ ਵਾਲੀ ਸੰਤਾਨ ਤਾਂ ਬਥੇਰੀ ਮਿਲ ਜਾਂਦੀ ਹੈ ਪਰ ਪੁਰਖਿਆਂ ਦੀ ਯਾਦ ਸੰਭਾਲਣ ਵਾਲੀ ਸੰਤਾਨ ਬਹੁਤ ਵਿਰਲੀ ਟਾਂਵੀਂ ਹੁੰਦੀ ਹੈ। ਜਦੋਂ ਹਿਰਦੇਪਾਲ ਸਿੰਘ ਨੇ ਮੈਨੂੰ ਆਪਣੇ ਵਿਛੜੇ ਪਿਤਾ ਮੰਗਲ ਮਦਾਨ ਦੀਆਂ ਅਣਛਪੀਆਂ ਗ਼ਜ਼ਲਾਂ ਦਾ ਖਰੜਾ ਭੇਜਿਆ ਤਾਂ ਮੇਰੇ ਮਨ ਵਿੱਚ ਉਸ ਲਈ ਬਹੁਤ ਮੋਹ ਅਤੇ ਮਾਣ ਭਰੇ ਅਹਿਸਾਸ ਪੈਦਾ ਹੋਏ।

ਮੰਗਲ ਮਦਾਨ ਸਾਡੇ ਕੋਲੋਂ ਓਦੋਂ ਹੀ ਵਿਛੜ ਗਿਆ ਜਦੋਂ ਉਸ ਵਿੱਚ ਅਜੇ ਹੋਰ ਬਹੁਤ ਰਚਨਾਵਾਂ ਰਚਣ ਦੀਆਂ ਸੰਭਾਵਨਾਵਾਂ ਸਨ। ਵਿਛੜਨ ਵਾਲਾ ਆਪਣੇ ਨਾਲ ਕਈ ਅਣਕੀਤੇ ਕੰਮਾਂ ਦੀ ਹਸਰਤ ਲੈ ਕੇ ਚਲਾ ਜਾਂਦਾ ਹੈ ਪਰ ਸ਼ੁਕਰ ਹੈ ਉਸ ਦੇ ਕੀਤੇ ਕੰਮ, ਬੋਲੇ ਬੋਲ, ਲਿਖੇ ਅੱਖਰ ਸਾਡੇ ਕੋਲ ਰਹਿ ਜਾਂਦੇ ਹਨ।

ਇਸ ਹਥਲੀ ਪੁਸਤਕ ਮੰਗਲ ਸ਼ਬਦ ਤੋਂ ਪਹਿਲਾਂ ਮੰਗਲ ਮਦਾਨ ਦੀਆਂ ਦੋ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਸਨ। ਇਕ ਉਰਦੂ ਸ਼ੇਅਰ ਹੈ :

ਅਪਨੇ ਅਲਫ਼ਾਜ਼ ਮੇਂ ਬਾਤ ਅਪਨੀ ਕਹੋ
ਮੀਰਾ ਕਾ ਸ਼ੇਅਰ ਤੋ ਮੀਰ ਕਾ ਸ਼ੇਅਰ ਹੈ

ਮੰਗਲ ਮਦਾਨ ਆਪਣੇ ਲਫ਼ਜ਼ਾਂ ਵਿੱਚ ਆਪਣੀ ਗੱਲ ਕਹਿਣ ਵਾਲਾ ਬਹੁਤ ਸੁਹਿਰਦ ਅਤੇ ਸੰਵੇਦਨਸ਼ੀਲ ਕਵੀ ਹੈ। ਛੋਟੀ ਬਹਿਰ ਦੀਆਂ ਗ਼ਜ਼ਲਾਂ ਵਿੱਚ ਉਸਦਾ ਅੰਦਾਜ਼ ਖ਼ੂਬ ਨਿਖਾਰਦਾ ਹੈ। ਉਸ ਦੇ ਸ਼ੇਅਰ ਨਿੱਘ ਅਤੇ ਰੌਸ਼ਨੀ ਵੰਡਦੇ ਹਨ। ਉਸ ਦੀ ਮਿੱਠੀ ਯਾਦ ਨੂੰ ਨਮਸਕਾਰ ਤੇ ਉਸ ਦੀ ਅੰਸ਼ ਵੰਸ਼ ਨੂੰ ਜੁਗਾਂ ਜੁਗਾਂ ਤੱਕ ਵਿਗਸਣ ਅਤੇ ਰੌਸ਼ਨ ਰਹਿਣ ਦੀ ਅਸੀਸ, ਦੁਆਵਾਂ ਤੇ ਸ਼ੁਭ ਇੱਛਾਵਾਂ।

-ਸੁਰਜੀਤ ਪਾਤਰ

ਯਾਰਾਂ ਦਾ ਯਾਰ

ਜੋ ਲੋਗ ਰੱਬ ਦੀ ਕੁਦਰਤ ਨੂੰ ਜਾਣਦੇ ਨੇ, ਉਹ ਉਹਦੇ ਹੁਕਮ ਨੂੰ ਵੀ ਮੰਨਦੇ ਨੇ ਤੇ ਉਹ ਪਰਵਰਦਿਗਾਰ ਦੀ ਰਜ਼ਾ 'ਚ ਵੀ ਰਹਿੰਦੇ ਨੇ। ਮਾਲਕ ਦੇ ਹੁਕਮ ਨਾਲ ਹਰ ਸ਼ੈਅ ਹਾਸਲ ਹੁੰਦੀ ਹੈ ਤੇ ਸ਼ਾਇਦ ਉਹਦੇ ਹੁਕਮ ਨਾਲ ਹੀ ਉਹ ਸ਼ੈਅ ਤੁਹਾਡੇ ਤੋਂ ਗੁਆਚ ਜਾਂਦੀ ਹੈ। ਵਸਤੂਆਂ ਦਾ ਘਾਟਾ ਬਰਦਾਸ਼ਤ ਹੋ ਜਾਂਦਾ ਹੈ ਇਕ ਰਿਸ਼ਤਿਆਂ ਦਾ ਦੋਸਤਾਂ ਦਾ, ਸ਼ਖ਼ਸ਼ੀਅਤਾਂ ਦਾ ਘਾਟਾ ਕਦੇ ਵੀ ਨਾ ਪੂਰਿਆ ਹੋਣ ਵਾਲਾ ਹੁੰਦਾ ਹੈ।

ਕੁਝ ਲੋਗ ਤੁਹਾਨੂੰ ਇਤਫਾਕਨ ਮਿਲਦੇ ਨੇ ਤੇ ਉਹਨਾਂ ਦਾ ਮਿਲਵਰਤਨ, ਉਹਨਾਂ ਦੀ ਮੁਹੱਬਤ, ਉਹਨਾਂ ਦਾ ਸਲੀਕਾ ਵੇਖ ਕੇ ਇੰਝ ਲੱਗਦਾ ਹੈ ਕਿ ਕੋਈ ਪੁਰਾਣੀ ਸਾਂਝ ਹੈ। ਬੇਸ਼ੱਕ ਹੁਣੇ-ਹੁਣੇ ਮਿਲੇ ਹਾਂ। ਉਹ ਲੋਗ ਕੁਛ ਦਿਨਾਂ, ਕੁਛ ਹਫ਼ਤਿਆਂ ਕੁਛ ਮਹੀਨਿਆਂ 'ਚ ਹੀ ਤੁਹਾਡੇ ਖ਼ੂਨ ਦੇ ਰਿਸ਼ਤਿਆਂ ਨਾਲੋਂ ਵੀ ਵੱਧ ਪਿਆਰੇ ਹੋ ਜਾਂਦੇ ਨੇ, ਕਿਉਂਕਿ ਉਹਨਾਂ ਦਾ ਮਿਲਵਰਤਨ, ਉਹਨਾਂ ਦਾ ਨਿੱਠ ਕੇ ਮਿਲਣ, ਉਹਨਾਂ ਦੀ ਮੁਹੱਬਤ ਹੀ ਇੰਨਾ ਪਾਕੀਜ਼ੀਆ ਹੁੰਦੀ ਹੈ ਕਿ ਲੱਗਦਾ ਹੈ ਕਿ ਖ਼ੂਨ ਦੇ ਰਿਸ਼ਤੇ ਨਾਲੋਂ ਵੀ ਕਿਤੇ ਵੱਧ ਇਹ ਸ਼ਖ਼ਸ਼ ਪਿਆਰਾ ਹੈ ਤੇ ਜਦੋਂ ਉਹ ਤੁਰ ਜਾਂਦੇ ਨੇ ਤਾਂ ਉਹ ਇੱਕ ਝੋਰਾ ਜਿਹਾ, ਇੱਕ ਹੌਂਕਾ ਜਿਹਾ, ਇੱਕ ਹੇਰਵਾ ਜਿਹਾ ਬਣ ਕੇ ਰਹਿ ਜਾਂਦਾ ਹੈ।

ਸੰਗੀਤ ਦੇ ਪੁਜਾਰੀ, ਸੰਗੀਤ ਦੇ ਸਾਧਕ ਵਜੋਂ ਜਦੋਂ ਮੇਰੀ ਮਿਹਨਤ ਨੂੰ ਅਜੇ ਫਲ ਲੱਗਣ ਹੀ ਲੱਗਾ ਸੀ ਅਜੇ ਮੈਂ ਸ਼ੁਰੂ ਹੀ ਹੋਇਆ ਸਾਂ ਲੋਕਾਂ 'ਚ ਆਪਣੇ ਗੀਤ-ਸੰਗੀਤ ਦੇ ਪ੍ਰਦਰਸ਼ਨ ਨੂੰ ਲੈ ਕੇ ਤੇ ਮਾਲਵੇ ਦੇ ਵਿਚ ਕੁਝ ਦੋਸਤ ਮੈਨੂੰ ਇਸ ਤਰ੍ਹਾਂ ਦੇ ਮਿਲੇ ਜਿੰਨ੍ਹਾਂ ਦੇ ਇਤਨਾ ਨਿੱਠ ਕੇ ਮੈਨੂੰ ਪਿਆਰ ਕੀਤਾ। ਮੈਨੂੰ ਤੇ ਮੇਰੇ ਗਾਣੇ ਨੂੰ ਬੇਹੱਦ ਪ੍ਰਮੋਟ ਕੀਤਾ ਅਤੇ ਇੱਕ ਸੂਫੀ ਅਤੇ Folk ਗਾਇਕੀ ਦੀ ਲਹਿਰ ਚਲਾਉਣ ਦੀ ਕੋਸ਼ਿਸ਼ ਕੀਤੀ ਉਹਨਾਂ ਦੋਸਤਾਂ 'ਚ ਸਰੇ-ਫੇਹਰਿਸ਼ਤ ਨਾਮ ਮੰਗਲ ਮਦਾਨ ਸਾਹਿਬ ਦਾ ਹੈ। ਮੰਗਲ ਮਦਾਨ ਜੋ ਬੇਹੱਦ ਖ਼ੂਬਸੂਰਤ ਲੇਖਕ, ਗ਼ਜ਼ਲਗੋ, ਅਜ਼ੀਮ ਇਨਸਾਨ ਯਾਰਾਂ ਦਾ ਯਾਰ, ਮਿੱਠ ਬੋਲੜਾ, ਖੁਸ਼ ਗੁਫ਼ਤਾਰ, ਖੁਸਲਿਬਾਸ ਸੀ। ਉਹਦੀ ਮਿਕਨਾਤੀਸੀ ਸ਼ਖ਼ਸ਼ੀਅਤ ਉਹ ਬਿਨਾਂ ਕਿਸੇ ਕਾਰਨ ਆਪਣੇ ਵੱਲ ਖਿੱਚਦੀ ਸੀ।ਜਲਦੀ-ਜਲਦੀ ਮਿਲੇ, ਜਲਦੀ-ਜਲਦੀ ਨੇੜੇ ਹੋਏ, ਤੇ ਜਲਦੀ-ਜਲਦੀ ਮਹਿਸੂਸ ਹੋਣ ਲੱਗ ਪਿਆ ਕਿ

"ਤੂੰ ਤਕੱਲਫ਼ ਕੋ ਭੀ ਇਖਲਾਕ ਸਮਝਤਾ ਹੈ ਫ਼ਰਜ਼
ਦੋਸਤ ਹੋਤਾ ਨਹੀਂ ਹਰ ਹਾਥ ਮਿਲਾਨੇ ਵਾਲਾ।"

ਪਰ ਹੋਣੀਆਂ ਬੰਦੇ ਨੂੰ ਤੋੜ ਕੇ ਰੱਖ ਦਿੰਦੀਆਂ ਨੇ, ਝੰਬ ਦਿੰਦੀਆਂ ਨੇ। ਸਾਰੇ ਦੋਸਤਾਂ ਵਿੱਚ, ਸਾਹਿਤਕਾਰਾਂ ਵਿੱਚ, ਸੰਗੀਤਕਾਰਾਂ ਵਿੱਚ, ਗਾਇਕਾਂ ਵਿੱਚ ਇਹ

ਖ਼ਬਰ ਮਨਹੂਸ ਸੀ ਕਿ ਭਰ ਜਵਾਨੀ ਵਿੱਚ ਉਹ ਯਾਰਾਂ ਦਾ ਯਾਰ ਮਦਾਨ ਹੁੰਦੇ ਹੋਏ ਵੀ ਦੁਨੀਆਂ ਦੇ ਮੈਦਾਨ ਨੂੰ ਅਲਵਿਦਾ ਕਹਿ ਗਿਆ ਹੈ।

ਹੁਣ ਜਦ ਵੀ ਮਾਲਵੇ ਜਾਂਦਾ ਹਾਂ, ਉਹਨਾਂ ਦੋਸਤਾਂ ਦੀ ਗਿਣਤੀ ਬੇਸ਼ੱਕ ਬਹੁਤ ਘੱਟ ਗਈ ਹੈ ਪਰ ਫੇਰ ਵੀ ਜਦੋਂ ਮਿਲਦੇ ਨੇ ਤਾਂ ਅਸੀਂ ਮੰਗਲ ਮਦਾਨ ਨੂੰ ਹਮੇਸ਼ਾ ਯਾਦ ਕਰਦੇ ਹਾਂ ਤੇ ਮਦਾਨ ਸਾਹਬ ਦਾ ਲਖ਼ਤੇ-ਜਿਗਰ ਬਿਲਕੁਲ ਉਸੇ ਦਾ ਹੀ ਰੂਪ ਉਹਦਾ ਸਾਹਿਬਜ਼ਾਦਾ ਰਿਸ਼ੀ ਹਿਰਦੇਪਾਲ ਜਦੋਂ ਮਿਲਦਾ ਹੈ ਤਾਂ ਇੱਕ ਹੌਂਕਾ ਜਿਹਾ ਹਰ ਵਾਰੀ ਦਿਲ 'ਚੋਂ ਨਿਕਲਦਾ ਹੈ। ਪਰਵੇਜ ਮਹਿੰਦੀ ਦੀ ਗ਼ਜ਼ਲ ਯਾਦ ਆਉਂਦੀ ਹੈ :-

ਗਏ ਦਿਨੋਂ ਕਾ ਸੁਰਾਗ ਲੇਕਰ
ਕਿਧਜ ਸੇ ਆਇਆ, ਕਿਧਰ ਗਿਆ ਵੋਹ
ਅਜੀਬ ਮਾਨੂਸ ਆਦਮੀ ਥਾ
ਸਭ ਕੋ ਹੈਰਾਨ ਕਰ ਗਿਆ ਵੋਹ
ਵੋਹ ਹਿਜ਼ਰ ਕੀ ਰਾਤ ਦਾ ਸਿਤਾਰਾ
ਵੋਹ ਹਮਸੁਖ਼ਨ ਹਮਲਫ਼ਜ਼ ਹਮਾਰਾ
ਸਦਾ ਰਹੇ ਉਸਕਾ ਨਾਮ ਪਿਆਰਾ
ਸੁਣਾ ਹੈ ਕੱਲ ਰਾਤ ਮਰ ਗਿਆ ਵੋਹ
ਇਕ ਚਿਤਾਵਨੀ ਜਿਹੀ ਲਾ ਗਿਆ
ਇਕ ਬਾਤ ਜਿਹੀ ਪਾ ਗਿਆ
ਅੰਬਰਾਂ 'ਤੇ ਛਾ ਗਿਆ
ਸਾਡਾ ਮੰਗਲ ਮਦਾਨ

ਮੈਂ ਆਪਣੇ ਭਤੀਜੇ ਰਿਸ਼ੀ ਹਿਰਦੇਪਾਲ ਨੂੰ ਦੇਖਦਾ ਹਾਂ ਤੇ ਅਰਦਾਸ ਕਰਦਾ ਹਾਂ ਕਿ ਮਾਲਕ ਇਹ ਜੋ ਉਸੇ ਦਾ ਰੂਪ ਹੈ ਇਸ ਨੂੰ ਲੰਬੀ ਉਮਰ, ਤਰੱਕੀ ਅਤੇ ਖ਼ੁਸ਼ੀਆਂ ਬਖ਼ਸ਼ੇ।

ਹੰਸ ਰਾਜ ਹੰਸ
1-3-15

ਚੰਗਾ ਦੋਸਤ ਤੇ ਸਾਹਿਤਕਾਰ ਸੀ ਮੰਗਲ ਮਦਾਨ

ਮੰਗਲ ਮਦਾਨ ਇੱਕ ਚੰਗਾ ਦੋਸਤ ਸਾਹਿਤਕਾਰ, ਮਿਲਾਪੜਾ ਅਤੇ ਵਧੀਆ ਇਨਸਾਨ ਸੀ। ਉਹਦੇ ਵਰਗੇ ਖੁੱਲ੍ਹੇ ਸੁਭਾਅ ਅਤੇ ਮਦਦ ਕਰਨ ਵਾਲੇ ਮਿੱਤਰ ਬਹੁਤ ਘੱਟ ਮਿਲਦੇ ਨੇ। ਮੈਨੂੰ ਯਾਦ ਹੈ ਕਿ ਜਦੋਂ ਅਸੀਂ "ਦਿਲ ਲੈ ਗਈ" ਟੇਪ ਵਾਸਤੇ ਗੀਤ ਇਕੱਠੇ ਕਰ ਰਹੇ ਸੀ ਤਾਂ ਮੈਨੂੰ ਅਸ਼ੋਕ ਮਸਤੀ ਨੇ ਮੰਗਲ ਮਦਾਨ ਜੀ ਬਾਰੇ ਦੱਸਿਆ ਜਦੋਂ ਮੈਂ ਵੀਰ ਨੂੰ ਮਿਲਿਆ ਤਾਂ ਉਹਨਾਂ ਕਿੰਨੇ ਹੀ ਲਿਖਾਰੀ ਵੀਰ ਇਕੱਠੇ ਕੀਤੇ ਹੋਏ ਸੀ। ਮਿਲਕੇ ਘਰ ਵਰਗਾ ਅਹਿਸਾਸ ਹੋਇਆ ਸੀ। ਬਹੁਤ ਵਧੀਆ ਅਤੇ ਖੁੱਲ੍ਹਾ ਡੁੱਲਾ ਸੱਭਿਆਚਾਰਕ ਲਿਖਾਰੀ ਸੀ ਸਾਡਾ ਵੀਰ। ਬੜੀ ਸਾਂਝ ਰਹੀ ਹੈ ਉਹਨਾਂ ਨਾਲ ਮੇਰੀ। ਉਹਨਾਂ ਨਾਲ ਸਾਂਝ ਯਾਦਾਂ ਦੇ ਰੂਪ ਵਿੱਚ ਹਮੇਸ਼ਾ ਮੇਰੇ ਨਾਲ ਰਹੇਗੀ।

ਜੱਸੀ

ਸ਼ਬਦ ਮੰਗਲ : ਸੁਆਗਤ ਹੈ।

ਮੰਗਲ ਮਦਾਨ ਸਾਡਾ ਸੱਜਣ ਸੀ। ਸੁਹਜਵੰਤਾ, ਰਸਵੰਤਾ, ਮਿਲਾਪੜਾ, ਨੇਕ, ਮੁਹੱਬਤੀ ਤੇ ਹਰ ਕਿਸੇ ਦੇ ਦਿਲ 'ਚ ਲਹਿ ਜਾਣ ਵਾਲਾ। ਉਦੋਂ ਮੈਂ ਅਜੇ ਲਾਜਪਤ ਰਾਏ ਮੈਮੋਰੀਅਲ ਕਾਲਿਜ ਵਿੱਚ ਜਗਰਾਉਂ (ਲੁਧਿਆਣਾ) ਵਿਖੇ ਲੈਕਚਰਾਰ ਸਾਂ ਜਦ ਮੰਗਲ ਮੈਨੂੰ ਪਹਿਲੀ ਵਾਰ ਮਿਲਣ ਆਇਆ ਉਸ ਦੇ ਨਾਲ ਗੁਰਮੀਤ ਮੀਤ ਸਾਂ ਕੋਈ ਹੋਰ ਇਹ ਤਾਂ ਚੇਤੇ ਨਹੀਂ, ਪਰ ਇਹ ਜ਼ਰੂਰ ਯਾਦ ਹੈ ਕਿ ਉਹ ਮੇਰੇ ਤੋਂ ਬਾਅਦ ਪ੍ਰਿੰਸੀਪਲ ਤਖ਼ਤ ਸਿੰਘ ਜੀ ਨੂੰ ਮਿਲ ਕੇ ਗਿਆ। ਇਹ ਗੱਲ ਅਠਵੇਂ ਦਹਾਕੇ ਦੇ ਮੁੱਢਲੇ ਵਰ੍ਹਿਆਂ ਦੀ ਹੋਵੇਗੀ। ਉਹ ਉਦੋਂ ਅਜੇ ਗੀਤ ਹੀ ਲਿਖਦਾ ਸੀ ਪਰ ਕਦੇ ਕਦੇ ਗ਼ਜ਼ਲ ਤੇ ਵੀ ਤਬ੍ਹਾ ਅਜਮਾਈ ਕਰਦਾ ਸੀ। ਅੱਜ ਵਾਂਗ ਉਹ ਇੱਕ ਦਮ ਸਾਹਿਤ ਅੰਬਰ ਤੇ ਨਹੀਂ ਸੀ ਛਾ ਜਾਣਾ ਚਾਹੁੰਦਾ ਸਗੋਂ ਸਹਿਜ ਤੌਰ ਤੁਰ ਕੇ ਉਹ ਪੱਕੇ ਪਕੇਰੇ ਕਦਮੀਂ ਸਾਹਿਤ ਖੇਤਰ 'ਚ ਆਉਣ ਦਾ ਇੱਛਾਵਾਨ ਸੀ। ਉਹ ਉਸਤਾਦ ਦੀ ਭਾਲ ਵਿੱਚ ਸੀ। ਦੀਪਕ ਜੈਤੋਈ ਦੇ ਰੰਗ ਵਿੱਚ ਕੁਝ ਗੀਤ ਲਿਖੇ ਸੀ ਉਸਨੇ ਜਿਸ ਨੂੰ ਨਿਰਮਲਜੀਤ ਨਿੰਮਾ ਨੇ ਬੜੀ ਸੁਰੀਲੀ ਆਵਾਜ਼ 'ਚ ਰਿਕਾਰਡ ਵੀ ਕਰਵਾਏ।

ਫਿਰ 1983 'ਚ ਮੈਂ ਲੁਧਿਆਣੇ ਆ ਗਿਆ। ਮੰਗਲ ਏਥੇ ਵੀ ਆ ਕੇ ਮਿਲਦਾ ਰਿਹਾ। ਕੁੱਲ ਹੋਈਆਂ ਦਸ ਬਾਰਾਂ ਮੁਲਾਕਾਤਾਂ ਮੇਰੇ ਅੰਦਰ ਉਸਦੀ ਮਹਿਕ ਘੋਲਦੀਆਂ ਨੇ ਅੱਜ ਵੀ। ਸੋਹਣਾ ਤਾਂ ਹੈ ਹੀ ਸੀ, ਸ਼ੌਕੀਨ ਵੀ ਪੂਰਾ। ਦਸਤਾਰ ਵੀ ਚਿਣ ਕੇ ਬੰਨ੍ਹਦਾ ਤੇ ਇਵੇਂ ਹੀ ਸ਼ਬਦ ਬੀਜਣ 'ਚ ਵੀ ਮੁਹਾਰਤੀ ਹੱਥ ਜਿਵੇਂ ਕੋਈ ਸੁਨਿਆਰਾ ਮੁੰਦਰੀ 'ਚ ਨਗੀਨੇ ਜੜ੍ਹਦਾ ਹੈ। ਮੰਗਲ ਦਾ ਗੀਤ ਤੇ ਗ਼ਜ਼ਲ ਸੰਸਾਰ ਮੇਰੇ ਲਈ ਮਹਿਕ ਦੇ ਬੁੱਲੇ ਵਰਗਾ ਹੈ। ਤਾਜ਼ਗੀ ਦੇਣ ਵਾਲਾ।

ਮੰਗਲ ਮਦਾਨ ਦਾ ਬੇਟਾ ਰਿਸ਼ੀ ਹਿਰਦੇਪਾਲ ਖ਼ੁਦ ਸਿਰਜਕ ਹੈ। ਬਲਵਾਨ ਸਿਰਜਕ ਉਸ ਦੀ ਰੀਝ ਹੈ ਕਿ ਮੰਗਲ ਦੀ ਇਸ ਪੁਸਤਕ ਦਾ ਮੁਖ ਬੰਦ ਮੈਂ ਲਿਖਾਂ। ਮੈਂ ਇਸ ਕੰਮ ਵਿਚ ਬਹੁਤਾ ਤਾਕ ਨਹੀਂ ਹਾਂ। ਕੰਮ ਚਲਾਊ–ਸ਼ਾਇਰ ਨੂੰ ਸਹੀ ਸੰਦ੍ਰਿਸ਼ ਵਿੱਚ ਪੇਸ਼ ਕਰ ਲੈਂਦਾ ਹਾਂ, ਆਲੋਚਨਾਤਮਕ ਭਾਸ਼ਾ ਤੋਂ ਕੋਰਾ ਹੋਣ ਕਾਰਨ ਮੈਂ ਅਕਸਰ ਇਸ ਕਾਰਜ ਤੋਂ ਟਲ ਜਾਂਦਾ ਹਾਂ। ਪਰ ਕੀ ਕਰਾਂ, ਮੈਨੂੰ ਮੁਹੱਬਤ ਦੇਣ ਵਾਲੇ ਮੈਨੂੰ ਇਸ ਪੰਜਾਲੀ ਵਿੱਚ ਜੋੜ ਹੀ ਲੈਂਦੇ ਹਨ ਇਸ ਕਾਰਜ ਨੂੰ ਮੈਂ ਪ੍ਰਵਾਨ ਕਰਨ ਲੱਗਿਆਂ ਇਹ ਸਪਸ਼ਟ ਕਰ ਦਿੰਦਾ ਹਾਂ ਕਿ ਮੇਰੇ ਲਿਖੇ ਬਾਦ ਸ਼ਾਇਰੀ ਦੀ ਕਿਤਾਬ ਪਾਠਕ ਲਾਜ਼ਮੀ ਪੜ੍ਹੇਗਾ। ਇਸ ਦਾ ਵੱਡਾ ਕਾਰਨ ਇਹ ਵੀ ਹੈ ਕਿ ਮੈਂ ਹੌਲੀ ਕਿਤਾਬ ਨੂੰ ਆਪਣੇ ਬੋਝਲ ਸ਼ਬਦਾਂ ਨਾਲ ਪਾਠਕ ਸਨਮੁਖ ਨਹੀਂ ਪਰੋਸਦਾ। ਆਪ ਵੀ ਇਸ ਗੱਲ ਦਾ ਧਿਆਨ ਰੱਖਦਾ ਹਾਂ ਕਿ ਪਾਠਕ ਨੂੰ ਮੇਰੇ ਕਹੇ ਤੇ ਯਕੀਨ ਬਣਿਆ ਰਹੇ।

ਇਹ ਕਾਰਜ ਹੋਰ ਵੀ ਔਖਾ ਹੋ ਜਾਂਦਾ ਹੈ ਜਦੋਂ ਸੰਸਾਰ ਤੋਂ ਵਿਦਾ ਹੋ ਚੁਕੇ ਸੱਜਣ ਪਿਆਰੇ ਬਾਰੇ ਲਿਖਣਾ ਪਵੇ। ਮੰਗਲ ਹੁਣ ਸਾਡੇ ਅੰਗ ਸੰਗ ਨਹੀਂ, ਕੁਝ ਲਿਖਤਾਂ ਹਨ, ਆਖਰੀ ਨਿਸ਼ਾਨੀ ਵਰਗੀਆਂ। ਸੁਯੋਗ ਪੁੱਤਰ ਰਿਸ਼ੀ ਹਿਰਦੇਪਾਲ ਨੇ ਇਨ੍ਹਾਂ ਨੂੰ ਸੰਭਾਲਿਆ ਤੇ ਪੁਸਤਕ ਸਰੂਪ ਲਈ ਵਿਉਂਤਿਆ ਹੈ। ਚੰਗੀ ਗੱਲ ਹੈ। ਇਸ ਵਿੱਚ ਗੀਤ ਵੀ ਹਨ ਅਤੇ ਗ਼ਜ਼ਲਾਂ ਵੀ। ਕੁਝ ਟੁਟਵੇਂ ਅਧੂਰੇ ਸ਼ਿਅਰ ਜੋ ਸੰਪੂਰਨ ਨਾ ਹੋ ਸਕੇ। ਮਲੋਟ ਦੀ ਮਿੱਠੀ ਖੂਹੀ ਨੇੜੇ ਵੱਸਦਾ ਮੰਗਲ ਮਦਾਨ ਇਸ ਗੱਲੋਂ ਸੁਚੇਤ ਰਿਹਾ ਕਿ ਉਸਦੇ ਕਲਾਮ ਦੀਆਂ ਤਲਖ਼ੀਆਂ ਕੁਝ ਪਾਠਕਾਂ ਨੂੰ ਖ਼ਾਰੇ ਪਾਣੀ ਵਾਂਗ ਵੀ ਮਹਿਸੂਸ ਹੋਣਗੀਆਂ ਪਰ ਉਸਨੇ ਪਰਦਾਪੋਸ਼ੀ ਕਰਨ ਦੀ ਥਾਂ ਹੱਕ ਸੱਚ ਤੇ ਇਨਸਾਫ਼ ਦੀ ਪਹਿਰੇਦਾਰੀ ਤੋਂ ਕੰਡ ਨਹੀਂ ਭੰਵਾਈ।

ਮੰਗਲ ਮਦਾਨ ਜ਼ਿੰਦਗੀ ਨੂੰ ਮੁਹੱਬਤ ਕਰਨ ਵਾਲਾ ਸੁਚੇਤ ਕਵੀ ਹੈ। ਰਿਸ਼ਤੇ ਨਾਤੇ ਧਰਤੀ, ਪ੍ਰਕਿਰਤੀ, ਵਰਤਮਾਨ, ਭਵਿੱਖ ਸਭ ਕੁਝ ਮੁਹੱਬਤ 'ਚ ਓਤ ਪੋਤ। ਪੰਜਾਬਣ ਮੁਟਿਆਰ ਦਾ ਹੁਸਨ ਅਤੇ ਪੰਜਾਬੀਅਤ ਉਸਦੇ ਕਲਮ ਦੀ ਸ਼ਕਤੀ ਹੈ। ਉਸਦੇ ਗੀਤ ਹੁਸਨ ਨੂੰ ਮਾਨਣ ਤੋਂ ਵੱਧ ਜਾਨਣ ਅਤੇ ਚੇਤਨਾ ਦੇ ਪੱਧਰ ਤੇ ਮਾਨਣ ਦੀ ਬਾਤ ਪਾਉਂਦੇ ਹਨ। ਉਹ ਜਿਸਮਾਂ ਦਾ ਨਹੀਂ ਮਹਿਕ ਦਾ ਅਭਿਲਾਖੀ ਹੈ। ਇਸੇ ਕਰਕੇ ਹੀ ਉਸਦੇ ਗੀਤ ਚੰਨ ਤਾਰਿਆਂ ਤੋਂ ਸ਼ੁਰੂ ਹੋ ਕੇ ਸੋਹਣਿਆਂ ਦੀ ਹਜ਼ੂਰੀ 'ਚ ਤੀਕ ਆਪਣਾ ਸਫ਼ਰ ਪੁਗਾਉਂਦੇ ਹਨ।

ਆਪਣੇ ਗੀਤਾਂ 'ਚ ਉਹ ਤਬਦੀਲ ਹੋ ਰਹੇ ਨਿਜ਼ਾਮ 'ਚ ਤਬਦੀਲ ਹੋ ਰਹੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਬਾਖ਼ੂਬੀ ਪਛਾਣਦਾ ਤੇ ਜਾਣਦਾ ਹੈ। ਘੱਲ੍ਹੜ ਨਦਾਨ ਮੁਟਿਆਰ ਵੱਲੋਂ ਨਿਸ਼ਾਨੀ ਵਜੋਂ ਦਿੱਤੀ ਜਾਣ ਵਾਲੀ ਰੁਮਾਲ ਤੇ ਗਾਨੀ ਦੇ ਗੁਆਚਣ ਦਾ ਵੀ ਉਸਨੂੰ ਪੂਰਣ ਅਹਿਸਾਸ ਹੈ ਅਤੇ ਸੱਖਣੇ ਗੁੱਟਾਂ ਤੇ ਰੱਖੜੀ ਬੰਨ੍ਹਣ ਵਾਲੀਆਂ ਧੀਆਂ ਦੀ ਅਣਹੋਂਦ ਤੋਂ ਵੀ ਬਾਖ਼ਬਰ ਹੈ। ਪੀਂਘ ਦੇ ਹੁਲਾਰਿਆਂ ਵਰਗੇ ਸੱਜਣ ਪਿਆਰੇ ਅਤੇ ਇਸ਼ਕ ਦੇ ਮਾਰੇ ਮੁਹੱਬਤੀ ਜੀਆਂ ਦਾ ਵੀ ਉਸਨੂੰ ਫ਼ਿਕਰ ਹੈ। ਦਸਤਾਰ ਹੀਣੇ ਸਿਰ, ਸਾਂਝੇ ਪਰਿਵਾਰ ਅਤੇ ਬੰਦੇ ਦਾ ਈਮਾਨ ਗੁਆਚਣ ਦਾ ਇਲਮ ਉਸਨੂੰ ਬਹੁਤ ਪਹਿਲਾਂ ਹੀ ਹੋ ਗਿਆ ਸੀ। ਸ਼ਾਇਦ ਇਸੇ ਕਰਕੇ ਹੀ ਉਹ ਬਹੁਤ ਪਹਿਲਾਂ ਸਾਨੂੰ ਸਭ ਨੂੰ ਤਾੜਨਾ ਕਰ ਗਿਆ ਸੀ। ਮੰਗਲ ਮਦਾਨ ਕੋਲ ਗੀਤ ਦੀ ਬਹੁਤ ਖ਼ੂਬਸੂਰਤ ਜ਼ੁਬਾਨ ਹੈ। ਉਹ ਸਹਿਜ ਸੁਭਾਅ ਉਹ ਗੱਲਾਂ ਗੀਤ ਵਿੱਚ ਕਹਿ ਜਾਂਦਾ ਹੈ ਜੋ ਸਾਨੂੰ ਭਾਵਨਾ ਦੇ ਪ੍ਰਬਲ ਵਹਿਣ ਵਿੱਚ ਰੋੜ੍ਹ ਕੇ ਲੈ ਜਾਂਦੀਆਂ ਹਨ।

ਉਸ ਮੰਗਲ ਨੂੰ ਚੇਤੇ ਕਰ ਕਰ।
ਉੱਠਾਂ ਰਾਤ ਬਰਾਤੇ ਡਰ ਡਰ।
ਟੁਰ ਗਿਆ ਜਿਹੜਾ ਸੋਚੀਂ ਪਾ ਕੇ।

ਮੈਨੂੰ ਕਿਸੇ ਟੀ.ਵੀ. ਚੈਨਲ ਵਾਲੇ ਨੇ ਇੱਕ ਵਾਰ ਸਵਾਲ ਕੀਤਾ ਕਿ ਤੁਸੀਂ ਗੀਤ, ਗ਼ਜ਼ਲ ਤੇ ਨਜ਼ਮ ਲਿਖਦੇ ਹੋ। ਗੀਤ ਤੇ ਗ਼ਜ਼ਲ 'ਚ ਕੀ ਅੰਤਰ ਹੈ? ਮੇਰਾ

ਜਵਾਬ ਸੀ ਕਿ ਨਜ਼ਮ ਇੱਕ ਵਿਚਾਰ ਦਾ ਸੰਸਾਰ ਹੈ। ਗ਼ਜ਼ਲ ਟੁੱਟਵੇਂ ਸੰਸਾਰ ਦਾ ਵਿਚਾਰ ਹੈ। ਗੀਤ ਫੁੱਲਾਂ ਵਿਚਲੇ ਰੰਗਾਂ ਦਾ ਭਾਰ ਹੈ। ਤੁਸੀਂ ਜੀਨੂੰ ਫੁੱਲ ਵਿਚਲੇ ਰੰਗਾਂ ਨੂੰ ਤੋਲ ਨਹੀਂ ਸਕਦੇ। ਕਈ ਵਾਰ ਤਾਂ ਗੀਤ ਸੁਣ ਕੇ ਬੋਲ ਵੀ ਨਹੀਂ ਸਕਦੇ। ਸੁਰ ਤੇ ਸ਼ਬਦ ਦਾ ਸੁਮੇਲ ਐਸਾ ਮੰਤਰ ਮੁਗਧ ਕਰਦਾ ਹੈ ਕਿ ਤੁਸੀਂ ਆਨੰਦ ਵਿਭੋਰ ਹੋ ਜਾਂਦੇ ਹੋ। ਮੰਗਲ ਮਦਾਨ ਪਾਸ ਗੀਤ ਨੂੰ ਵਿਸਮਾਦ ਤੀਕ ਲਿਜਾਣ ਦੀ ਸ਼ਬਦ-ਸਮਰੱਥਾ ਹੈ।

ਦਿਲ ਵਿਹੜੇ ਲੰਘ ਆਈ, ਅੱਖੀਆਂ ਦੀ ਕੰਧ ਨੂੰ।
ਸਾਹਾਂ 'ਚ ਸਮੋਇਆ ਮੈਂ ਸੀ, ਫੁੱਲਾਂ ਦੀ ਸੁਗੰਧ ਨੂੰ।
ਮਸਾਂ ਚੜ੍ਹਿਆ ਸੀ ਵੱਖਰਾ ਖ਼ੁਮਾਰ।

***

ਕੱਲ੍ਹ ਤੱਕਿਆ ਮੈਂ ਸ਼ੀਸ਼ਾ ਤਾਂ ਹੈਰਾਨ ਹੋ ਗਈ।
ਨੀ ਮੈਂ ਸੱਚੀਂ ਮੁਚੀਂ ਅੜੀਓ ਜਵਾਨ ਹੋ ਗਈ।
ਰਾਤੀਂ ਸੁੱਤੀ ਚੰਗੀ ਭਲੀ, ਸੁਬ੍ਹਾ ਤੋਰ ਬਦਲੀ।
ਹੋਈ ਵੱਖਰੀ ਦੁਪਹਿਰੇ, ਸ਼ਾਮੀਂ ਹੋਰ ਬਦਲੀ।
ਪਹਿਲਾਂ ਧਰਤੀ ਸਾਂ ਹੁਣ ਅਸਮਾਨ ਹੋ ਗਈ।

***

ਦਾਰੂ ਦੇ ਪਿਆਲਿਆਂ 'ਚੋਂ ਸੁਖ ਭਾਲਦੈਂ।
ਤੂੰ ਕਿੱਡੇ ਸੋਹਣੇ ਸੋਹਣਿਆਂ ਭਰਮ ਪਾਲਦੈਂ।
ਛੱਡ ਝੂਠਿਆਂ ਸਹਾਰਿਆਂ ਦੀ ਝਾਕ ਸੱਜਣਾ।

ਮੰਗਲ ਮਦਾਨ ਦੀਆਂ ਗ਼ਜ਼ਲਾਂ ਵਿਚ ਲੋਕ-ਗੀਤਕ ਵਾਕੰਸ਼ਾਂ ਵਰਗਾ ਨਿੱਗਰ ਬਹੁਤ ਕੁਝ ਹੈ। ਸ਼ਿਅਰ ਪੜ੍ਹਦਿਆਂ ਇੰਝ ਲੱਗਦਾ ਹੈ ਜਿਵੇਂ ਸ਼ਹਿਦ ਦੇ ਘੁੱਟ ਭਰ ਰਹੇ ਹੋਈਏ। ਉਸ ਕੋਲ ਨਿਰੋਲ ਪੰਜਾਬ ਗ਼ਜ਼ਲ ਦੀ ਸੂਝ ਹੈ। ਇਹੀ ਕਾਰਨ ਹੈ ਕਿ ਉਹ ਵੱਡੀ ਤੋਂ ਵੱਡੀ ਗੱਲ ਵੀ ਸਹਿਜ-ਸੁਭਾਅ ਕਰ ਜਾਂਦਾ ਹੈ। ਦੂਜੇ ਕੰਨ ਪਤਾ ਨਹੀਂ ਲੱਗਣ ਦਿੰਦਾ। ਗ਼ਜ਼ਲ ਦੇ ਸ਼ਾਇਰ ਦੀ ਇਹੀ ਖ਼ੂਬਸੂਰਤੀ ਹੁੰਦੀ ਹੈ ਕਿ ਉਹ ਕਿਣਕੇ 'ਚੋਂ ਕਾਇਨਾਤ ਵਿਖਾ ਸਕਦਾ ਹੈ ਅਤੇ ਕਾਇਨਾਤ ਨੂੰ ਕਿਣਕੇ ਵਿੱਚ ਬੰਨ੍ਹ ਕੇ ਪੇਸ਼ ਕਰ ਸਕਦਾ ਹੈ।

ਆਇਆ ਕਰ ਸੁਪਨੇ ਦੇ ਵਾਂਗ,
ਫੁਰਨੇ ਵਾਂਗੂੰ ਫੁਰਿਆ ਕਰ।

***

ਹਰ ਵੇਲੇ ਮੁਸਕਾਣ ਦੀ ਕੋਸ਼ਿਸ਼ ਕਰਿਆ ਕਰ।
ਆਪਣਾ ਦਰਦ ਛੁਪਾਣ ਦੀ ਕੋਸ਼ਿਸ਼ ਕਰਿਆ ਕਰ।

***

ਮਿੱਠੀ ਖੂਹੀ ਮੰਗਲ ਛੱਡ,
ਮੰਗਲ ਗ੍ਰਹਿ ਤੇ ਕੋਠੀ ਪਾ।

***

ਆਪਣੇ ਘਰ ਬਹਿਕੇ ਵੀ ਹੁਣ ਇੰਝ ਹੀ ਲੱਗਦਾ ਰਹਿੰਦਾ ਹੈ,
ਜੀਕਣ ਘਰ ਦੀ ਥਾਂ ਤੇ ਬੈਠੇ ਹੋਈਏ ਸੋਗ-ਸਭਾਵਾਂ ਵਿੱਚ।

***

ਮੇਰੇ ਅੰਦਰੋਂ ਮੋਇਆ ਮੈਨੂੰ ਸ਼ਾਇਰ ਉਦੋਂ ਫਿਰ ਲੱਗੇ,
ਚੁੱਪ ਚੁਪੀਤਾ ਬੇਦੋਸ਼ ਦਾ, ਜਦ ਮੈਂ ਕਤਲ ਜ਼ਰਾ।

***

ਕੋਲ ਉਸਦੇ ਹੈ ਪਈ ਪੁਸਤਕ ਮੁਹੱਬਤ ਦੀ ਜਨਾਬ,
ਨੀਝ ਲਾ ਕੇ ਵੇਖਦਾ ਪਰ ਫੋਲਦਾ ਕੋਈ ਨਹੀਂ।

***

ਮੰਗਲ ਦਾ ਹੈ ਜਿਸ ਥਾਂ ਵਾਸਾ
ਮਿੱਠੀ ਖੂਹੀ ਪਾਣੀ ਖ਼ਾਰਾ।

***

ਜੇਰੇ ਸਾਡੇ ਪਾਣੀਉਂ ਪਤਲੇ,
ਵੇਖਣ ਨੂੰ ਅਸਮਾਨ ਜਹੇ ਹਾਂ।

ਸ਼ਾਇਰੀ ਵਕਤ ਦਾ ਦਸਤਾਵੇਜ਼ ਹੁੰਦੀ ਹੈ। ਮੈਨੂੰ ਇਸ ਗੱਲ ਦੀ ਪ੍ਰਸੰਨਤਾ ਹੈ ਕਿ ਮੰਗਲ ਮਦਾਨ ਦੇ ਵਕਤ ਦੀ ਸਹੀ ਨਿਸ਼ਾਨਦੇਹੀ ਲਈ ਬੜੇ ਪਰਪੱਕ ਸ਼ਿਅਰ ਤੇ ਗੀਤ ਲਿਖੇ ਹਨ ਜਿਨ੍ਹਾਂ ਦਾ ਤੋੜ ਕਿਸੇ ਹੋਰ ਪਾਸ ਨਹੀਂ। ਉਹ ਆਪਣੇ ਵਰਗੇ ਗੀਤ ਲਿਖਦਾ ਸੀ, ਕਿਸੇ ਹੋਰ ਵਰਗੇ ਨਹੀਂ। ਉਸ ਦਾ ਕਾਫ਼ਲਾ ਇੱਕ ਪੁਰਖੀ ਸੀ।

ਮੈਨੂੰ ਵੀ ਪ੍ਰਸੰਨਤਾ ਹੈ ਕਿ ਉਸਦੇ ਸੁਲੱਗ ਪੁੱਤਰ ਰਿਸ਼ੀ ਹਿਰਦੇਪਾਲ ਨੇ ਸਪੁੱਤ ਬਣ ਕੇ ਬਾਪੂ ਦਾ ਬੋਹਲ ਸਾਂਭਿਆ ਹੈ।

ਮੈਂ ਇਸ ਪੁਸਤਕ ਦੇ ਪ੍ਰਕਾਸ਼ਨ ਤੇ ਮੁਬਾਰਕ ਦੇਣ ਦੇ ਨਾਲ ਨਾਲ ਇਹ ਵੀ ਕਾਮਨਾ ਕਰਦਾ ਹਾਂ ਕਿ ਇਸ ਪੁਸਤਕ ਨੂੰ ਪਾਠਕ ਚੰਗਾ ਹੁੰਗਾਰਾ ਦੇਣਗੇ।

ਗੁਰਭਜਨ ਗਿੱਲ
ਸਾਬਕਾ ਪ੍ਰਧਾਨ,
ਪੰਜਾਬੀ ਸਾਹਿਤ ਅਕੈਡਮੀ,
ਲੁਧਿਆਣਾ।

‘ਸ਼ਬਦ ਮੰਗਲ’ ਲਈ ਮੰਗਲਕਾਮਨਾ

ਕਿਸੇ ਵੀ ਸ਼ਾਇਰ ਲਈ ਬਤੌਰ ਸ਼ਾਇਰ ਅਤੇ ਬਤੌਰ ਪਿਤਾ ਇਸ ਤੋਂ ਵੱਡੀ ਖੁਸ਼ੀ ਤੇ ਤਸੱਲੀ ਵਾਲੀ ਗੱਲ ਕੀ ਹੋ ਸਕਦੀ ਕਿ ਉਸਦੇ ਇਸ ਧਰਤੀ ਤੋਂ ਤੁਰ ਜਾਣ ਬਾਅਦ ਉਸਦੀ ਸ਼ਾਇਰੀ ਦੀ ਵਿਰਾਸਤ ਸਾਂਭੀ ਜਾਵੇ ਤੇ ਸਾਂਭਣ ਵਾਲਾ ਉਸਦਾ ਪੁੱਤਰ ਜਾਂ ਧੀ ਹੋਵੇ ਤਾਂ ਇਹ ਖ਼ੁਸ਼ੀ ਦੁਗਣੀ ਹੋ ਜਾਂਦੀ ਹੈ। ਮੇਰਾ ਸ਼ਾਇਰ ਮਿੱਤਰ ਮੰਗਲ ਮਦਾਨ ਇਸੇ ਖੁਸ਼ੀ ਦਾ ਹੀ ਭਾਗੀ ਹੈ। ਮੰਗਲ ਮਦਾਨ ਨੂੰ ਮੈਂ ਨਿੱਜੀ ਤੌਰ ਤੇ ਤਾਂ ਨੇੜਿਓਂ ਨਹੀਂ ਮਿਲਿਆ ਪਰੰਤੂ ਉਸਦੀ ਸ਼ਾਇਰੀ ਮੇਰੇ ਤੱਕ ਪਹੁੰਚਦੀ ਰਹੀ। ਉਹ ਭਰ ਜਵਾਨੀ ਵਿਚ ਚਲਾ ਗਿਆ। ਲੇਕਿਨ ਸਾਡੀ ਸਾਂਝ ਦੀ ਤੰਦ ਦੁਬਾਰਾ ਜੁੜ ਗਈ ਜਦੋਂ ਉਸਦਾ ਉਸੇ ਵਰਗਾ ਸੁਬਕ, ਮਲੂਕ ਤੇ ਸ਼ਾਇਰ ਪੁੱਤਰ ਹਿਰਦੇਪਾਲ ਕੁਝ ਵਰ੍ਹੇ ਪਹਿਲਾਂ ਮੇਰਾ ਵਿਦਿਆਰਥੀ ਬਣਿਆ। ਹਿਰਦੇਪਾਲ ਐਮ. ਏ. ਕਰਕੇ ਜਾਣ ਤੋਂ ਬਾਅਦ ਮੇਰੇ ਨਾਲ ਭਾਵੁਕ ਤੌਰ ’ਤੇ ਜੁੜਿਆ ਰਿਹਾ ਹੈ। ਹੁਣ ਲਗਭਗ ਤੀਹ ਸਾਲ ਬਾਅਦ ਮੈਨੂੰ ਜ਼ਿੰਦਗੀ ਵਿਚ ਦੂਜੀ ਵਾਰ ਮਲੌਟ ਜਾਣ ਦਾ ਮੌਕਾ ਮਿਲਿਆ। ਤੀਹ ਵਰ੍ਹੇ ਪਹਿਲਾਂ ਆਪਣੇ ਲੰਗੋਟੀਏ ਯਾਰ ਗੁਰਦਾਸ ਮਾਨ ਨਾਲ ਸ਼ੋਅ ਕਰਨ ਗਿਆ ਸਾਂ ਤਾਂ ਰਾਹ ਵਿਚ ਗੱਡੀ ਦਾ ਐਕਸੀਡੈਂਟ ਹੋਣ ਕਾਰਨ ਉੱਥੇ ਮਿੱਤਰ ਪੱਪੀ ਪਾਸ ਮਲੌਟ ਰਾਤ ਰਿਹਾ ਸਾਂ। ਹੁਣ ਜਦ ਦੁਬਾਰਾ ਆਪਣੇ ਮਿੱਤਰ ਗੁਰਪੰਥ ਦੇ ਬੇਟੇ ਦੇ ਵਿਆਹ ਸਮਾਗਮ ’ਤੇ ਜਾਣ ਦਾ ਬਹਾਨਾ ਬਣਿਆ ਤਾਂ ਮੇਰੇ ਲਈ ਗੁਰਨਿਆਜ਼ (ਗਿੰਨੀ) ਦੇ ਵਿਆਹ ਦੇ ਨਾਲ ਨਾਲ ਹਿਰਦੇਪਾਲ ਨੂੰ ਮਿਲਣਾ ਵਿਸ਼ੇਸ਼ ਏਜੰਡਾ ਸੀ। ਹਿਰਦੇਪਾਲ ਉੱਥੇ ਵਿਆਹ ’ਤੇ ਹੀ ਆ ਗਿਆ। ਅਸੀਂ ਵਰ੍ਹਿਆਂ ਬਾਅਦ ਮਿਲੇ। ਮੈਂ ਉਸਦੀ ਘਰ ਗ੍ਰਹਿਸਥੀ ਦਾ ਹਾਲ ਪੁੱਛਿਆ। ਨਾਲ ਹੀ ਉਸਨੇ ਦੱਸਿਆ ਕਿ ਉਹ ਆਪਣੇ ਤੇ ਮੇਰੇ ਮਿੱਤਰ ਮੰਗਲ ਮਦਾਨ ਬਾਰੇ ‘ਸ਼ਬਦ ਮੰਗਲ’ ਪੁਸਤਕ ਤਿਆਰ ਕਰ ਰਿਹਾ ਹੈ ਜਿਸ ਵਿਚ ਮੇਰਾ ਸੀਰ ਪੈਣਾ ਲਾਜ਼ਮੀ ਹੈ। ਮੈਨੂੰ ਬੇਇੰਤਹਾ ਖੁਸ਼ੀ ਹੋਈ ਕਿ ਸ਼ਾਇਰ ਮਿੱਤਰ ਮੰਗਲ ਮਦਾਨ ਬਾਰੇ ਪ੍ਰਮਾਣਿਕ ਦਸਤਾਵੇਜ਼ ਤਿਆਰ ਹੋ ਰਿਹਾ ਹੈ। ਇਸ ਤਿਆਰ ਹੋ ਰਹੇ ਦਸਤਾਵੇਜ਼ ਬਾਰੇ ਕੋਈ ਦਸਤਾਵੇਜ਼ੀ ਟਿੱਪਣੀ ਤਾਂ ਨਹੀਂ ਕੀਤੀ ਜਾ ਸਕਦੀ ਪਰੰਤੂ ਇਸ ਦਸਤਾਵੇਜ਼ ਦਾ ਹਿੱਸਾ ਬਣਨ ਦਾ ਮਾਣ ਜ਼ਰੂਰ ਲੈ ਰਿਹਾ ਹਾਂ।

ਮੰਗਲ ਮਦਾਨ ਜ਼ਿੰਦਗੀ ਦਾ ਸ਼ਾਇਰ ਹੈ। ਜ਼ਿੰਦਗੀ ਨੇ ਉਸ ਨਾਲ ਵਫ਼ਾ ਨਹੀਂ ਕੀਤੀ ਤੇ ਜ਼ਾਲਮ ਮੌਤ ਉਸਨੂੰ ਜਲਦੀ ਲੈ ਗਈ। ਲੇਕਿਨ ਉਸਨੇ ਜ਼ਿੰਦਗੀ ਨਾਲ ਪੂਰੀ ਵਫ਼ਾ ਕੀਤੀ ਤੇ ਇਸਦਾ ਸਿੱਟਾ ਉਸਦੀ ਸ਼ਾਇਰੀ ਹੈ, ਜਿਸ ਵਿਚ ਜ਼ਿੰਦਗੀ ਬਹੁਰੰਗਾਂ ਵਿਚ ਪੇਸ਼ ਹੋਈ ਹੈ। ਇਸ ਦਾ ਪ੍ਰਮਾਣ ਨਿਮਨਲਿਖਤ ਸ਼ੇਅਰਾਂ ਤੋਂ ਮਿਲ ਜਾਂਦਾ ਹੈ:

ਵਿਧਵਾ ਵਰਗੀ ਕਿਸਮਤ ਭਾਵੇਂ ਮੰਗਲ ਦੀ
ਦੁਹਲਨ ਵਾਂਗੂੰ ਫਿਰ ਵੀ ਨਖ਼ਰੇ ਕਰਦਾ ਹੈ

ਬੜਾ ਉਦਾਸ ਸੀ ਵਿਹੜਾ ਬਹੁਤ ਗਮਮੀਨ ਸਨ ਕੰਧਾਂ
ਕਿਸੇ ਨੂੰ ਬਾਤ ਨਾ ਆਈ ਤੇਰੇ ਤੁਰ ਜਾਣ ਦੇ ਮਗਰੋਂ

ਸ਼ਕਲੋਂ ਤਾਂ ਇਨਸਾਨ ਜਿਹੇ ਹਾਂ, ਅਮਲੋਂ ਪਰ ਸ਼ੈਤਾਨ ਜਿਹੇ ਹਾਂ
ਜਿਸਨੂੰ ਲੁਟਿਆ ਆਪਣਿਆ ਰਲ ਕੇ;ਭਾਰਤ ਦੇਸ਼ ਮਹਾਨ ਜਿਹੇ ਹਾਂ

'ਸ਼ਬਦ ਮੰਗਲ' ਇਸੇ ਸ਼ਾਇਰੀ ਦੀ ਹਾਜ਼ਰੀ ਦੀ ਦਾਸਤਾਨ ਹੈ। ਮੈਂ 'ਸ਼ਬਦ ਮੰਗਲ' ਲਈ ਮੰਗਲਕਾਮਨਾ ਕਰਦਾ ਹਾਂ। ਮੈਨੂੰ ਹਿਰਦੇਪਾਲ ਤੋਂ ਅਤਿਅੰਤ ਉਮੀਦਾਂ ਹਨ ਕਿ ਉਹ ਨਾ ਕੇਵਲ ਆਪਣੇ ਪਾਪਾ ਦੇ ਸ਼ਾਇਰ-ਆਪੇ ਨੂੰ ਸਾਂਭੇਗਾ ਬਲਕਿ ਆਪਣੇ ਸ਼ਾਇਰ-ਆਪੇ ਨੂੰ ਵੀ ਅੱਖਰਾਂ ਦੀ ਸਰਦਲ ਤੇ ਚੜ੍ਹਾ ਕੇ ਛਾਪੇ ਦਾ ਜਾਮਾ ਪੁਆਵੇਗਾ ਤਾਂ ਕਿ ਪੰਜਾਬੀ ਜਨ ਤੇ ਪੰਜਾਬੀ ਮਨ ਇਸ ਸ਼ਾਇਰ ਪਿਉ-ਪੁੱਤਰ ਦੀ ਜੋੜੀ ਦੀ ਸ਼ਾਇਰੀ ਨੂੰ ਮਾਣਨ ਤੇ ਸਵੀਕਾਰਨ ਅਤੇ ਮੰਗਲ ਮਦਾਨ ਦੀ ਮੰਗਲਕਾਰੀ ਕਾਵਿ-ਪਰੰਪਰਾ ਹਿਰਦੇਪਾਲ ਰਾਹੀਂ ਜਾਰੀ ਰਹੇ ...ਆਮੀਨ!

ਸਤੀਸ਼ ਕੁਮਾਰ ਵਰਮਾ
ਡੀਨ ਭਾਸ਼ਾ ਫਕੈਲਟੀ
ਪਜਾਬੀ ਯੂਨੀਵਰਸਿਟੀ, ਪਟਿਆਲਾ

ਦੋ ਸ਼ਬਦ

ਸ਼ਾਇਰ ਮੰਗਲ ਮਦਾਨ ਮਲੋਟ ਸ਼ਹਿਰ ਦਾ ਇਕਲੌਤਾ ਅਜਿਹਾ ਹਸਤਾਖ਼ਰ ਹੈ ਜਿਸਦੇ ਨਾਂ ਨਾਲ ਸ਼ਾਇਰ ਜੁੜਦਾ ਹੈ। ਮੰਗਲ ਮਦਾਨ ਧੁਰ ਆਤਮਾ ਤੋਂ ਸ਼ਾਇਰ ਸੀ। ਗੀਤ-ਗ਼ਜ਼ਲ ਆਖਦਾ ਇਹ ਹਸਤਾਖ਼ਰ ਅਚਾਨਕ ਹੀ ਗ਼ਜ਼ਲ ਦੇ ਇਕ ਸ਼ੇਅਰ ਵਾਂਗ ਆਪਣੀ ਬਾਤ ਪਾ ਵਿਸਮਾਦਮਈ ਅਨੁਭਵ ਦੇ ਅੱਖੋਂ ਓਹਲੇ ਹੋ ਗਿਆ। ਇਹ ਪੁਸਤਕ ਇਸ ਹਸਤਾਖ਼ਰ ਦੇ ਮੰਗਮਲਈ ਸ਼ਬਦਾਂ ਨੂੰ ਸਮੇਟਣ ਦਾ ਉਪਰਾਲਾ ਹੈ।

-ਰਿਸ਼ੀ ਹਿਰਦੇਪਾਲ (ਸੰਪਾ.)

ਮੰਗਲ ਮਦਾਨ ਦੀਆਂ .ਗਜ਼ਲਾਂ

ਡਰ ਦਾ ਆਲਮ ਚਾਰ-ਚੁਫੇਰੇ
ਘਰ ਘਰ ਲਾਏ ਚੁਪ ਨੇ ਡੇਰੇ

ਬੰਦਾ ਜਦ ਬੰਦੇ ਨੂੰ ਮਾਰੇ
ਕੁਦਰਤ ਤੜਪੇ ਹੰਝੂ ਕੇਰੇ

ਧਰਮ ਦੇ ਨਾਂ 'ਤੇ ਦੰਗੇ ਹੋਵਣ
ਉਹ ਵੀ ਹੋਵਣ ਸਿਖ਼ਰ ਦੁਪਹਿਰੇ

ਸੁੰਨੀਆਂ ਸੜਕਾਂ ਸੁੰਨੀਆਂ ਗਲੀਆਂ
ਰੌਣਕਾਂ ਤੇ ਕਿਸ ਹੂੰਝੇ ਫੇਰੇ

ਡਰ ਨੇ ਕੀਤੀ ਸੋਚ ਅਪਾਹਜ
ਸ਼ੱਕ ਨੇ ਕੀਤੇ ਪਤਲੇ ਜ਼ੇਰੇ

ਮਾਨਵਤਾ ਦੀ ਲਾਸ਼ ਸਰਾਹਣੇ
ਸਾਂਝ ਨਿਮਾਣੀ ਹੰਝੂ ਕੇਰੇ

ਧਰਮ ਮਨੁਖਤਾ ਐਸਾ ਸੂਰਜ
ਜਿਸਨੇ ਕਰਨੇ ਦੂਰ ਹਨੇਰੇ

ਅੰਬਰ ਜਿਸਨੂੰ ਭਾਲ ਰਿਹਾ ਕਲ ਸਾਰੀ ਰਾਤ
ਚੰਨ ਉਹ ਸਾਡੇ ਨਾਲ ਰਿਹਾ ਕਲ ਸਾਰੀ ਰਾਤ

ਤੇਰੀ ਫੋਟੋ ਤੇ ਖ਼ਤ ਕਰਕੇ ਲੀਰੋ-ਲੀਰ
ਰੋਂਦਾ ਦਿਲ ਦਾ ਬਾਲ ਰਿਹਾ ਕਲ ਸਾਰੀ ਰਾਤ

ਲਿਖ ਬੈਠਾ ਕੀ ਹਾਲ ਉਨ੍ਹਾ ਨੂੰ ਦਿਲ ਦਾ ਮੈਂ
ਮੇਰਾ ਦਿਲ ਬੇਹਾਲ ਰਿਹਾ ਕਲ ਸਾਰੀ ਰਾਤ

ਦਿਨ ਚੜ੍ਹਿਆਂ ਤਾਂ ਸੂਰਜ ਡੁੱਬਾ ਜੀਵਨ ਦਾ
ਹੋਣੀ ਨੂੰ ਮੈਂ ਟਾਲ ਰਿਹਾ ਕਲ ਸਾਰੀ ਰਾਤ

ਤੇਰੇ ਗ਼ਮ ਨੇ ਦਰ ਖੜਕਾਇਆ ਸ਼ਾਮ ਢਲੇ
ਮੰਗਲ ਮਾਲੋਂ ਮਾਲ ਰਿਹਾ ਕਲ ਸਾਰੀ ਰਾਤ

ਮੈਂ ਤਾਂ ਲੋਚਾਂ ਬਸ ਇਕ ਤਾਰਾ
ਮੈਂ ਕੀ ਕਰਨਾ ਅੰਬਰ ਸਾਰਾ

ਸਾਡੀ ਤਾਂ ਹੈ ਵਖਰੀ ਦੁਨੀਆਂ
ਸਾਡਾ ਤਾਂ ਹੈ ਰੰਗ ਨਿਆਰਾ

ਸਾਡਾ ਤਾਂ ਹੈ ਧਰਮ ਮਨੁੱਖਤਾ
ਸਾਨੂੰ ਤਾਂ ਹਰ ਬੰਦਾ ਪਿਆਰਾ

ਵਾਰੋਂ ਵਾਰੀ ਟੁਰਨਾ ਸਭ ਨੇ
ਅਪਣਾ ਅਪਣਾ ਲਾਹ ਕੇ ਭਾਰਾ

ਮੰਗਲ ਦਾ ਹੈ ਜਿਸ ਥਾਂ ਵਾਸਾ
ਮਿੱਠੀ ਖੂਹੀ, ਪਾਣੀ ਖਾਰਾ

ਜੰਗਲ ਵਿਚ ਜੋ ਫੁੱਲ ਅਨੋਖਾ ਖਿੜਿਆ ਹੈ
ਰੁੱਖਾਂ ਦੇ ਵਿਚ ਉਸਦਾ ਚਰਚਾ ਛਿੜਿਆ ਹੈ

ਗ਼ਮ ਨਈ ਸਾਨੂੰ ਤੇਰੇ ਏਸ ਵਤੀਰੇ ਦਾ
ਚਾਨਣ ਤਨ ਕੇ ਨ੍ਹੇਰਾ ਹਰਦਮ ਚਿੜ੍ਹਿਆ ਹੈ

ਸਾਨੂੰ ਜੀਵਣ ਜਾਂਚ ਸਿਖਾਈ ਉਸ ਨੇ ਹੀ
ਇਕ ਤਿਣਕਾ ਜੋ ਤੂਫ਼ਾਨਾ ਸੰਗ ਭਿੜਿਆ ਹੈ

ਹਸਦਾ ਹਸਦਾ ਅਕਸਰ ਰੋ ਪੈਂਦੈ ਬੰਦਾ
ਰੋਂਦੇ ਦਾ ਵੀ ਅਕਸਰ ਹਾਸਾ ਛਿੜਿਆ ਹੈ

ਰੇਤ ਤਰ੍ਹਾਂ ਕਿਰ ਜਾਣੀ ਢਾਣੀ ਯਾਰਾਂ ਦੀ
ਮੁੱਠੀ ਵਿਚ ਕਰ ਜਿਸਨੂੰ ਬੰਦਾ ਤਿੜਿਆ ਹੈ

ਪਹਿਚਾਣ ਰਹੀ ਨਾ ਖ਼ੁਦ ਦੀ ਵੀ 'ਮੰਗਲ' ਨੂੰ
ਖੂਹ ਸਮੇਂ ਦਾ ਕੈਸਾ ਪੁੱਠਾ ਗਿੜਿਆ ਹੈ

ਇਸ ਜੱਗ ਤੋਂ ਉਪਰਾਮ ਜਿਹੇ ਹਾਂ
ਤਾਂਹੀਓ ਬੇ-ਆਰਾਮ ਜਿਹੇ ਹਾਂ

ਸੂਰਜ ਵਰਗੀ ਆਭਾ ਸਾਡੀ
ਭਾਵੇਂ ਢਲਦੀ ਸ਼ਾਮ ਜਿਹੇ ਹਾਂ

ਵਿਦਵਾਨਾਂ ਦੀ ਇਸ ਬਸਤੀ ਅੰਦਰ
ਸ਼ਾਇਰ ਇਸ ਬਦਨਾਮ ਜਿਹੇ ਹਾਂ

ਲੁੱਟ ਚੁੱਕੀ ਹੈ ਮਹਿਕ ਅਸਾਡੀ
ਹੁਣ ਫੁੱਲਾਂ ਦੇ ਨਾਮ ਜਿਹੇ ਹਾਂ

ਕਲ ਹੀ ਮੌਸਮ ਨੇ ਜੋ ਰੁਮਕਣ ਲਾਈ ਹੈ
ਉਹ ਪੌਣ ਕਿਸੇ ਘਰ ਅਜ ਅੱਗ ਲਾ ਆਈ ਹੈ

ਸਾਹਾਂ ਦੇ ਵਿਚ ਖਿੜਿਆ ਸੀ ਇਹ ਫੁੱਲ ਕਦੇ
ਮਹਿਕ ਉਦ੍ਹੀ ਬਿਨ ਮਹਿਕ ਨਾ ਕੋਈ ਭਾਈ ਹੈ

ਜੰਞ ਗ਼ਮਾਂ ਦੀ ਦਿਲ ਦੇ ਵਿਹੜੇ ਢੁਕਣੀ ਏ
ਮੇਰੇ ਕੰਨੀ ਗੂੰਜ ਰਹੀ ਸ਼ਹਿਨਾਈ ਹੈ

ਪੁਸਤਕ, ਕਵਿਤਾ, ਦਾਰੂ, ਮਿੱਤਰ ਤੇਰੇ ਕੋਲ
ਮੇਰੀ ਸਾਥਣ ਤਾਂ ਬਸ ਇਕ ਤਨਹਾਈ ਹੈ

ਛੱਡ ਮੁਹੱਲਾ ਮਿੱਠੀ ਖ਼ੂਹੀ ਮੰਗਲ ਨੇ
ਮੰਗਲ ਗ੍ਰਹਿ ਤੇ ਅਜ ਕਲ ਕੋਠੀ ਪਾਈ ਹੈ

ਸੱਚ ਤੋਂ ਦੂਰੀ ਰੱਖੀ, ਹੁਣ ਪਛਤਾਉਂਦੇ ਹਾਂ
ਸੋਚ ਅਧੂਰੀ ਰੱਖੀ, ਹੁਣ ਪਛਤਾਉਂਦੇ ਹਾਂ

ਨਾਲ ਸਮੇਂ ਦੇ ਟੁਰਦੇ ਤਾਂ ਕੁਝ ਖਟ ਜਾਂਦੇ
ਵਕਤੋਂ ਦੂਰੀ ਰੱਖੀ, ਹੁਣ ਪਛਤਾਉਂਦੇ ਹਾਂ

ਦਿਲ ਵਿਚ ਰਖਿਆ ਰੋਸਾ, ਸ਼ਿਕਵਾ ਤੇ ਸਾੜਾ
ਮੱਥੇ ਘੂਰੀ ਰੱਖੀ, ਹੁਣ ਪਛਤਾਉਂਦੇ ਹਾਂ

ਸੂਰਜ ਸੰਗ ਨਾ ਅੱਖ ਮਿਲਾਈ ਕੁਲ ਉਮਰ
ਸ਼ਾਮ ਸਰੂਰੀ ਰੱਖੀ, ਹੁਣ ਪਛਤਾਉਂਦੇ ਹਾਂ

‘ਮੰਗਲ’ ਵਾਂਗੂੰ ਰੁੱਖੀ-ਸੁੱਕੀ ਖਾਧੀ ਨਾ
ਚੇਤੇ ਚੂਰੀ ਰੱਖੀ, ਹੁਣ ਪਛਤਾਉਂਦੇ ਹਾਂ

ਢਲਦੇ ਸੂਰਜ ਪਿਆਰੇ ਮੇਰੇ ਬੇਲੀ ਨੇ
ਜਾਂ ਫਿਰ ਟੁੱਟਦੇ ਤਾਰੇ ਮੇਰੇ ਬੇਲੀ ਨੇ

ਹਿਜ਼ਰਤ ਕਰਕੇ ਜਿਹੜੇ ਜੰਗਲੋਂ ਆਏ ਹਨ
ਰੁਖ ਉਹ 'ਕੱਲੇ ਕਾਰੇ ਮੇਰੇ ਬੇਲੀ ਨੇ

ਮੰਜ਼ਿਲ ਖਾਤਿਰ ਜਿਹੜੇ ਪਲ-ਪਲ ਜੂਝ ਰਹੇ
ਰਾਹੀ ਥੱਕੇ ਹਾਰੇ, ਮੇਰੇ ਬੇਲੀ ਨੇ

ਮੌਤ ਜਿਹਾ ਨਾ ਮਿਲਿਆ ਮਿੱਤਰ ਅਜ ਤੀਕਰ
ਜੀਵਨ ਵਰਗੇ ਲਾਰੇ, ਮੇਰੇ ਬੇਲੀ ਨੇ

ਭੁੱਖ, ਬੇ-ਰੁਜ਼ਗਾਰੀ, ਹੰਝੂ, ਹੌਂਕੇ ਤੇ ਗ਼ਮ
ਹਾਂ ਸਾਰੇ ਦੇ ਸਾਰੇ, ਮੇਰੇ ਬੇਲੀ ਨੇ

ਮਿੱਠੀ ਖੂਹੀ ਦਾ ਪਾਣੀ ਪੀਦੈ ਨਿਤ 'ਮੰਗਲ'
ਐਪਰ ਪਾਣੀ ਖਾਰੇ, ਮੇਰੇ ਬੇਲੀ ਨੇ

ਹੈ ਇਕੱਲਾ ਰੁੱਖ ਉਹ ਪਰ ਡੋਲਦਾ ਫਿਰ ਵੀ ਨਹੀਂ
ਕਰ ਰਿਹਾ ਮੌਸਮ ਸਿਤਮ ਪਰ ਗੌਲਦਾ ਫਿਰ ਵੀ ਨਹੀਂ

ਕਿਸ ਤਰ੍ਹਾਂ ਦਾ ਹੋ ਗਿਆ ਬੰਦਾ ਅਜੋਕੇ ਦੌਰ ਦਾ
ਸਮਝਦਾ ਹੈ ਗਲ ਹਰਿਕ ਪਰ ਬੋਲਦਾ ਫਿਰ ਵੀ ਨਹੀਂ

ਹੋ ਗਿਆ ਹੈ ਕੀ ਪਿੰਜਰੇ ਦੇ ਪਰਿੰਦੇ ਨੂੰ
ਪਿੰਜਰਾ ਤਾਂ ਖੁਲ ਗਿਆ ਉਡਣ ਲਈ ਪਰ ਤੋਲਦਾ ਫਿਰ ਵੀ ਨਹੀਂ

ਕੋਲ ਉਸਦੇ ਹੈ ਪਈ ਪੁਸਤਕ ਮੁਹੱਬਤ ਦੀ ਜਨਾਬ
ਨੀਝ ਲਾ ਕੇ ਵੇਖਦਾ ਹੈ ਪਰ ਫੋਲਦਾ ਫਿਰ ਵੀ ਨਹੀਂ

ਲੰਮਾ ਪੈਂਡਾ ਵੱਡੀ ਉਮਰਾ ਟੁੱਟੀ ਇੰਝ ਡੰਗੋਰੀ
ਜੀਕਣ ਮਾਂ ਦੇ ਜੀਂਦੇ ਜੀ ਹੀ, ਮਰ ਜਾਂਦੀ ਏ ਲੋਰੀ

ਰੁੱਖਾਂ ਵਰਗੀ ਜ਼ਿੰਦੜੀ ਮੇਰੀ, ਪੱਤਾ - ਪੱਤਾ ਹੋਈ
ਅੱਜ ਮੈਂ ਆਪੇ ਆਪਣੇ ਹੱਥੀਂ, ਰੁੱਤ ਬਸੰਤੀ ਤੋਰੀ

ਵਿਧਵਾ ਹੋ ਕੇ ਫੇਰ ਅਸਾਡੇ ਵਿਹੜੇ ਆ ਹੈ ਬੈਠੀ
ਹੱਥੀਂ ਤੋਰੀ ਧੀ ਨੂੰ ਵੇਖ ਕੇ ਰੋਵਾਂ ਜ਼ੋਰੋ-ਜ਼ੋਰੀ

ਸੋਚ ਤੇਰੀ ਦਾ ਜਾਮ ਅਧੂਰਾ ਤਾਂਹੀਓਂ ਮਿੱਤਰਾ ਛਲ ਕੇ
ਅਕਲਾਂ ਵਾਲੀ ਆਪਣੇ ਹੱਥੀਂ ਤੋੜ ਬੈਠਾ ਤੂੰ ਡੋਰੀ

ਗੋਰਾ ਮੁੱਖ ਤੇ ਨੈਣ ਪਿਆਸੇ ਗੱਲ ਕਹਾਂ ਮੈਂ ਸੱਚੀ
ਜ਼ਿੰਦਗੀ ਇਕ ਵੇਖੀ ਸੀ ਭਲਕੇ ਸਾਹਾਂ ਨਾਲੋਂ ਕੋਰੀ

ਆਪਣੇ ਗ਼ਮ ਦੀ ਗਾਥਾ ਹੁਣ ਮੈਂ ਕਿਸ ਦੇ ਕੋਲ ਕਰਾਂ
ਹੰਝੂਆਂ ਦੇ ਵਿਚ ਡੁੱਬਾ ਹੈ ਜਦ ਹਰ ਇਕ ਸ਼ਹਿਰ ਗਰਾਂ

ਪਰ ਮੇਰੇ ਕਟ ਕੇ ਨਾ ਸੋਚੋ ਉਡਣਾ ਭੁੱਲ ਜਾਵਾਂਗਾ
ਮੈਂ ਤਾਂ ਐਸਾ ਸੋਚ ਪਰਿੰਦਾ ਜੋ ਉਡੇ ਬਾਝ ਪਰਾਂ

ਵਿਸ਼ਵਾਸ ਮਿਰੇ ਦੇ ਜੰਗਲ ਵਿਚ ਕੈਸੀ ਝੁੱਲੀ ਨ੍ਹੇਰੀ ਹੈ
ਰੁੱਖਾਂ ਵਰਗੇ ਯਾਰਾਂ 'ਤੇ ਵੀ ਨਾ ਮੈਂ ਇਤਬਾਰ ਕਰਾਂ

ਦੇਸ਼ ਮਿਰੇ ਦੀ ਤਸਵੀਰ ਦੀ ਵੇਖ ਕੈਸੀ ਹੈ ਹੋਣੀ
ਰੰਗ ਲਹੂ ਦਾ ਹੀ ਹੈ ਬਣਦਾ ਮੈਂ ਜੋ ਵੀ ਰੰਗ ਭਰਾਂ

ਮੇਰੇ ਅੰਦਰੋਂ ਮੋਇਆ ਮੈਨੂੰ ਸ਼ਾਇਰ ਤਦ-ਤਦ ਲੱਗੇ
ਚੁੱਪ-ਚੁਪੀਤਾ ਨਿਰਦੋਸ਼ ਕਿਸੇ ਦਾ ਮੈਂ ਜਦ ਵੀ ਕਤਲ ਕਰਾਂ

ਸੱਚੀ ਗੱਲ ਜੋ ਕਹਿੰਦੇ ਨੇ
ਸੱਚੀ ਗੱਲ ਨਾ ਸਹਿੰਦੇ ਨੇ

ਆ ਬਹਿੰਦੇ ਫਿਰ ਸੱਥਰ'ਤੇ
ਪਹਿਲਾਂ ਹੱਡੀਂ ਬਹਿੰਦੇ ਨੇ

ਕੁਝ ਵੀ ਨਾ ਇਕਸਾਰ ਰਹੇ
ਸੂਰਜ ਚੜ੍ਹਦੇ ਲਹਿੰਦੇ ਨੇ

ਦਿਲ ਨੂੰ ਲਾ ਕੇ ਸਦਮਾ ਲੋਕ
ਸਹਿੰਦੇ ਸਹਿੰਦੇ ਸਹਿੰਦੇ ਨੇ

ਕੰਮ ਅਵੱਲੇ ਮੰਗਲ ਦੇ
ਦੁਨੀਆਂ ਵਾਲੇ ਕਹਿੰਦੇ ਨੇ

’ਕੱਲਾ ਕਾਰਾ ਰਹਿ ਕੇ ਰਾਜ਼ੀ ਸੁੰਨ ਗੁਫਾਵਾਂ ਵਿਚ
ਬੰਦਾ ਨਾ ਹੁਣ ਜੁੜ ਕੇ ਬੈਠੇ ਭੈਣ ਭਰਾਵਾਂ ਵਿਚ

ਕਿੰਝ ਗੁਲਾਮ ਅਲੀ ਨੂੰ ਸੁਣੀਏ ਯਾਰਾਂ ਦੇ ਵਿਚ ਬੈਠ
ਵੈਣਾਂ ਦਾ ਮੌਸਮ ਹੈ ਘੁਲਿਆ ਸੋਗ ਹਵਾਵਾਂ ਵਿਚ

ਨਾਂ ਦੇ ਪਿੱਛੇ ਉਹ ਹੀ ਪੂਛ ਲਗਾਵਣ ਡਿਗਰੀ ਦੀ
ਜਿਹੜੇ ਅਕਸਰ ਕਹਿੰਦੇ ਰਹਿੰਦੇ ਕੀ ਰੱਖਿਆ ਹੈ ਨਾਵਾਂ ਵਿਚ

ਆਪਣੇ ਘਰ ਬਹਿ ਕੇ ਵੀ ਹੁਣ ਇੰਝ ਹੈ ਲਗਦਾ ਰਹਿੰਦਾ
ਜੀਕਣ ਘਰ ਦੀ ਥਾਂ ‘ਤੇ ਬੈਠੇ ਹੋਈਏ ਸੋਗ ਸਭਾਵਾਂ ਵਿਚ

ਪੈਰ ਉਨ੍ਹਾਂ ਦੇ ਚੁੰਮਣ ਨਾ ਮੰਜ਼ਿਲ ਦਾ ਮੁੱਖ ਕਦੇ
ਜੋ ਮੁਸਾਫ਼ਿਰ ਉਲਝ ਨੇ ਜਾਂਦੇ ਧੁੱਪਾਂ ਅਤੇ ਛਾਵਾਂ ਵਿਚ

ਦਿਲ ਦੀ ਜਿਹੜੀ ਨੁੱਕਰੇ ਘੁੱਪ ਹਨੇਰਾ ਸੀ
ਉੱਥੇ ਚਾਨਣ ਹੋਵੇ ਸੁਪਨਾ ਮੇਰਾ ਸੀ

ਪੁੱਤੀ ਪੱਤੀ ਹੋ ਕੇ ਆਖਿਰ ਖਿੰਡ ਗਿਆ
ਰੁੱਖਾਂ ਵਰਗਾ ਜਿਸਦਾ ਹੁੰਦਾ ਜੇਰਾ ਸੀ

ਇਹ ਗ਼ਮ ਮੇਰੇ ਮੇਰੇ ਘਰ ਦੇ ਵਾਸੀ ਨੇ
ਖੁਸ਼ੀਆਂ ਦਾ ਤਾਂ ਜੋਗੀ ਵਾਲਾ ਫੇਰਾ ਸੀ

ਪਹਿਲਾਂ ਦਿਲ ‘ਚੋ ਵੈਰ ਮੁਕਾ
ਫਿਰ ਯਾਰੀ ਦਾ ਹੱਥ ਵਧਾ

ਦਿਲ ਦਾ ਸੁੱਤਾ ਦਰਦ ਜਗਾ
ਪਿਆਰ ਤਰਾਨਾ ਫਿਰ ਤੂੰ ਗਾ

ਭੁੱਲ ਕੇ ਸਾਰੇ ਭੈਣ-ਭਰਾ
ਸੱਚ ਨੂੰ ਲਈਏ ਸੀਨੇ ਲਾ

ਛੱਡ ਕੇ ਖਹਿੜਾ ਮੰਗਲ ਦਾ
ਅਪਣਾ ਤੂੰ ਘਰ ਬਾਰ ਵਸਾ

ਮਿੱਠੀ ਖੂਹੀ ਮੰਗਲ ਛੱਡ
ਮੰਗਲ ਗ੍ਰਹਿ ਤੇ ਕੋਠੀ ਪਾ

ਉਸਨੂੰ ਆਪਣੇ ਮਨ ਦਾ ਪਾਲਾ ਮਾਰ ਰਿਹਾ
ਤਾਂ ਹੀ ਪੁਲ ਨੂੰ ਸਮਝ ਇਕ ਦੀਵਾਰ ਰਿਹਾ

ਸੋਚੋ ! ਉਸਦਾ ਇਤਬਾਰ ਕਰੂ ਹੁਣ ਕੌਣ ਭਲਾ
ਜਿਸ ਬੰਦੇ ਨੂੰ ਖ਼ੁਦ 'ਤੇ ਨਾ ਇਤਬਾਰ ਰਿਹਾ

ਬੇਰੁਜ਼ਗਾਰੀ ਦਾ ਗ਼ਮ ਸਮਝੇ ਮੰਗਲ ਬਾਖ਼ੂਬ
ਸਾਲ ਕਈ ਉਹ ਵੀ ਯਾਰੋ ਬੇਰੁਜ਼ਗਾਰ ਰਿਹਾ

ਹਰ ਵੇਲੇ ਮੁਸਕਾਣ ਦੀ ਕੋਸ਼ਿਸ਼ ਕਰਿਆ ਕਰ
ਆਪਣਾ ਦਰਦ ਛੁਪਾਣ ਦੀ ਕੋਸ਼ਿਸ਼ ਕਰਿਆ ਕਰ

ਨਾਲ ਸਮੇਂ ਦੇ ਤੁਰਿਆ ਕਰ ਤੂੰ ਹਿਕ ਤਣ ਕੇ
ਬੀਤੇ ਨੂੰ ਭੁੱਲ ਜਾਣ ਦੀ ਕੋਸ਼ਿਸ਼ ਕਰਿਆ ਕਰ

ਬੇ-ਸਬੱਬ ਨਾ ਘੁੰਮਿਆ ਕਰ ਤੂੰ ਸ਼ਾਮ ਢਲੇ
ਵੇਲੇ ਸਿਰ ਘਰ ਆਣ ਦੀ ਕੋਸ਼ਿਸ਼ ਕਰਿਆ ਕਰ

ਤੇਰਾ ਕੋਈ ਅਖਵਾਵੇ ਇਸ ਤੋਂ ਪਹਿਲਾਂ ਹੀ
ਤੂੰ ਕਿਸੇ ਦਾ ਅਖਵਾਣ ਦੀ ਕੋਸ਼ਿਸ਼ ਕਰਿਆ ਕਰ

ਵੇਖੀ ਭੀੜ ਦਾ ਹਿੱਸਾ ਨਾ ਹੋ ਜਾਈਂ ਕਿਤੇ
ਦੂਰੋਂ ਲੁਤਫ਼ ਉਠਾਣ ਦੀ ਕੋਸ਼ਿਸ਼ ਕਰਿਆ ਕਰ

ਤੁਰਿਆ ਨਾ ਕਰ ਬਣਿਆਂ ਰਾਹਾਂ 'ਤੇ ਹਰਦਮ
ਵਖਰਾ ਰਾਹ ਬਣਾਉਣ ਦੀ ਕੋਸ਼ਿਸ਼ ਕਰਿਆ ਕਰ

ਵਾਦਾ ਕਰਕੇ ਹੋਵੀਂ ਨਾ ਸ਼ਰਮਿੰਦਾ ਤੂੰ
ਉਸਨੂੰ ਤੋੜ ਨਿਭਾਣ ਦੀ ਕੋਸ਼ਿਸ਼ ਕਰਿਆ ਕਰ

ਮੰਗਲ ਬਣਨਾ ਤੇਰੇ ਵਸ ਦਾ ਰੋਗ ਨਹੀਂ
ਅਪਣਾ ਮਨ ਸਮਝਾਣ ਦੀ ਕੋਸ਼ਿਸ਼ ਕਰਿਆ ਕਰ

ਖ਼ਬਰੇ ਕਦ ਦਾ ਵਰਕਾ ਵਰਕਾ ਹੋ ਜਾਂਦਾ
ਰਖਿਆ ਸਾਬਤ ਮੇਰਾ ਬਾਰ ਕਿਤਾਬਾਂ ਨੇ

ਤਨ ਮਨ ਉਸਦਾ ਆਪੇ ਸੁੰਦਰ ਹੋ ਜਾਵੇ
ਜਿਸ ਦੇ ਜੀਵਨ ਦਾ ਸ਼ਿੰਗਾਰ ਕਿਤਾਬਾਂ ਨੇ

ਜੀਵਨ ਭਰ ਦੀ ਖੱਟੀ ਵੇਖੋ ਮੰਗਲ ਦੀ
ਕੁਝ ਗ਼ਜ਼ਲਾਂ ਨਗ਼ਮੇ ਦੋ ਚਾਰ ਕਿਤਾਬਾਂ ਨੇ

ਬੀਤੇ ਤੇ ਨਾ ਝੁਰਿਆ ਕਰ
ਨਾਲ ਸਮੇਂ ਦੇ ਤੁਰਿਆ ਕਰ

ਲਾਟ ਤਰ੍ਹਾਂ ਨਾ ਬਲਿਆ ਕਰ
ਬਰਫ਼ ਤਰ੍ਹਾਂ ਨਾ ਖੁਰਿਆ ਕਰ

ਆਇਆ ਕਰ ਸੁਪਨੇ ਦੇ ਵਾਂਗ
ਫੁਰਨੇ ਵਾਂਗੂੰ ਫੁਰਿਆ ਕਰ


ਗੀਤ
ਮਹਿਫ਼ਲ

ਜੇ ਇਸ਼ਕ ਦੀ ਬਾਜੀ ਹਰ ਜਾਂਦੇ
ਚਾਅ ਦਿਲ ਦੇ ਦਿਲ ਵਿਚ ਮਰ ਜਾਂਦੇ
ਅਸੀਂ ਕੂਚ ਚਲਾਣਾ ਕਰ ਜਾਂਦੇ
ਗੱਲ ਸੱਚ ਕਹੀਏ ਕੁੜੀਏ
ਇਕ ਪਿਆਰ ਤੇਰੇ ਸਦਕਾ ਇਹ ਜਿੰਦ ਬਚ ਗਈਏ ਕੁੜੀਏ

ਤੇਰੀ ਦਿੱਖ ਨਿਆਰੀ ਸਭ ਤੋਂ
ਸਾਥ ਤੇਰਾ ਮੈਂ ਮੰਗਿਆ ਰੱਬ ਤੋਂ
ਵੇਖ ਨੀ ਹੁੰਦਾ ਚੰਦਰੇ ਜੱਗ ਤੋਂ
ਗੱਲ ਸੱਚ ਕਹੀਏ ਕੁੜੀਏ... ਇਕ ...

ਪਿਆਰ ਤੇਰੇ ਨੇ ਨਿਡਰ ਬਣਾ ਤਾਂ
ਜ਼ਿੰਦਗੀ ਜਿਉਣ ਦਾ ਵਲ ਸਿਖਾ ਤਾਂ
ਦਿਲ ਦਾ ਉਜੜਿਆ ਘਰ ਵਸਾ ਤਾਂ
ਗੱਲ ਸੱਚ ਕਹੀਏ ਕੁੜੀਏ... ਇਕ ...

ਜਿੱਦ ਆਪਾ ਜੋ ਫੜੀ ਤਾਰ ਗਈ
ਬਾਲਾਂ ਵਰਗੀ ਅੜੀ ਤਾਰ ਗਈ
ਖੋਰੇ ਕਿਹੜੀ ਘੜੀ ਤਾਰ ਗਈ
ਗੱਲ ਸੱਚ ਕਹੀਏ ਕੁੜੀਏ... ਇਕ ...

ਕੁਲ ਦੁਨੀਆਂ ਸਮਝਾ ਕੇ ਮੁੜ ਗਈ
ਜ਼ੋਰ ਅੱਡੀਆਂ ਤੱਕ ਦਾ ਲਾ ਕੇ ਮੁੜ ਗਈ
ਮੌਤ ਵੀ ਦਰ ਤੋਂ ਆ ਕੇ ਮੁੜ ਗਈ
ਗੱਲ ਸੱਚ ਕਹੀਏ ਕੁੜੀਏ... ਇਕ ...

ਮੈਨੂੰ ਲਗੇ ਬੜਾ ਡਰ
ਕੋਈ ਚਾਰਾ ਚੰਨਾ ਕਰ
ਜਿਵੇਂ ਬਚਦੀ ਏ ਜਾਨ ਬਚਾ ਦੇ
ਵੇ ਨਜ਼ਰਾਂ ਨੇ ਖਾ 'ਲੀ ਮਿੱਤਰਾ, ਗੋਰੇ ਰੰਗ ਦਾ ਤਵੀਤ ਕਰਾ ਦੇ

ਸੁਖਣਾ ਕੋਈ ਸੁਖੀਏ ਪੀਰਾਂ ਦਰ ਜਾ ਕੇ
ਸੋਮਵਾਰੀ ਮੱਸਿਆ ਚਲ ਆਈਏ ਨਹਾ ਕੇ
ਛਡ ਸਭ ਦਾ ਖਿਆਲ, ਉਡ ਚਲ ਮੇਰੇ ਨਾਲ
ਡਰ ਦੁਨੀਆਂ ਦਾ ਦਿਲ 'ਚੋਂ ਭੁਲਾ ਦੇ
ਵੇ ਨਜ਼ਰਾਂ ਨੇ ਖਾ 'ਲੀ ਮਿੱਤਰਾ, ਗੋਰੇ ਰੰਗ ਦਾ ਤਵੀਤ ਕਰਾ ਦੇ

ਮੁਕ ਗਿਆ ਜ਼ਿੰਦਗੀ ਜਿਉਣ ਦਾ ਜੇ ਚਾਅ ਵੇ
ਕਰਨਾ ਨਾ ਅਸਰ ਫੇਰ ਕਿਸੇ ਵੀ ਦਵਾ ਵੇ
ਐਸੀ ਹੋਈ ਆਵਾਜ਼ਾਰ, ਭੁੱਲੀ ਹਾਰ ਤੇ ਸ਼ਿੰਗਾਰ
ਦਿਨ ਪਹਿਲਾਂ ਵਾਲੇ ਮੋੜ ਕੇ ਲਿਆ ਦੇ
ਵੇ ਨਜ਼ਰਾਂ ਨੇ ਖਾ 'ਲੀ ਮਿੱਤਰਾ, ਗੋਰੇ ਰੰਗ ਦਾ ਤਵੀਤ ਕਰਾ ਦੇ

ਸੌ ਸੌ ਵਾਰੀ ਮਿਰਚਾਂ ਮੈਂ ਸਿਰ ਉਤੋਂ ਵਾਰੀਆਂ
ਲੱਖਾਂ ਮੈਂ ਯਤਨ ਚੰਨਾ ਕਰ – ਕਰ ਹਾਰੀ ਆਂ
ਜੇ ਟੁੱਟ ਗਿਆ ਵਿਸ਼ਵਾਸ, ਮੁੱਕ ਜਾਣੀ ਫਿਰ ਆਸ
ਕਿਰਨ ਆਸ ਦੀ ਕੋਈ ਤਾਂ ਦਿਖਾ ਦੇ
ਵੇ ਨਜ਼ਰਾਂ ਨੇ ਖਾ 'ਲੀ ਮਿੱਤਰਾ, ਗੋਰੇ ਰੰਗ ਦਾ ਤਵੀਤ ਕਰਾ ਦੇ

ਤੇਰੇ ਭਾਅ ਦਾ ਹਾਸਾ ਸਾਡੀ ਮੁੱਠੀ ਵਿਚ ਜਾਨ ਵੇ
ਤੇਰੇ ਤੋਂ ਤਾਂ ਚੰਗਾ ਉਹ ਮੰਗਲ ਮਦਾਨ ਵੇ

ਕੁੜੀ ਕਰਦੀ ਏ ਮੈਨੂੰ ਪਿਆਰ ਬੜਾ
ਕਦੇ ਕਰਦੀ ਏ ਤਕਰਾਰ ਬੜਾ
ਕਦੇ ਹਾਂ ਕਦੇ ਨਾਂਹ, ਕਦੇ ਨਾਂਹ ਕਦੇ ਹਾਂ
ਇਸ ਗੱਲ ਦਾ ਹੈ ਦਿਲ 'ਤੇ ਭਾਰ ਬੜਾ... ਕੁੜੀ ਕਰਦੀ ਏ...

ਕਦੇ ਜਾਪੇ ਦਿਲ ਦੇ ਕੋਲ ਖੜੀ
ਕਦੇ ਜਾਪੇ ਦਿਲ ਤੋਂ ਦੂਰ ਬੜੀ
ਕਦੇ ਤੁਸੀਂ ਕਦੇ ਤੂੰ, ਕਦੇ ਹਾਂ ਕਦੇ ਤੂੰ
ਇਸ ਗੱਲ ਦਾ ਹੈ ਦਿਲ 'ਤੇ ਭਾਰ ਬੜਾ... ਕੁੜੀ ਕਰਦੀ ਏ...

ਕਦੇ ਜਾਪੇ ਉਹ ਮਗਰੂਰ ਬੜੀ
ਕਦੇ ਜਾਪੇ ਉਹ ਮਜਬੂਰ ਬੜੀ
ਕਦੇ ਅੱਖਾਂ 'ਤੇ ਬਿਠਾਵੇ, ਕਦੇ ਅੱਖ ਨਾ ਮਿਲਾਵੇ
ਇਸ ਗੱਲ ਦਾ ਹੈ ਦਿਲ 'ਤੇ ਭਾਰ ਬੜਾ... ਕੁੜੀ ਕਰਦੀ ਏ...

ਕਦੇ ਕਿੱਸੇ ਪਿਆਰ ਦੇ ਛੇੜ ਲਵੇ
ਕਦੇ ਦਿਲ ਦੇ ਬੂਹੇ ਭੇੜ ਲਵੇ
ਕਦੇ ਮੰਨੇ ਤਕਦੀਰਾਂ ਨੂੰ, ਕਦੇ ਮੰਨੇ ਤਦਬੀਰਾਂ ਨੂੰ
ਇਸ ਗੱਲ ਦਾ ਹੈ ਦਿਲ 'ਤੇ ਭਾਰ ਬੜਾ... ਕੁੜੀ ਕਰਦੀ ਏ...

ਜੇ ਇਹ ਹੁਸਨ ਲੁਕਾਇਆ ਨਹੀਂ ਲੁਕਣਾ
ਤੇ ਇਹ ਇਸ਼ਕ ਝੁਕਾਇਆ ਨਹੀਂ ਝੁਕਣਾ
ਫੇਰ ਇਸ਼ਕ ਲੁਕਾਉਣ ਦੀ ਕੀ ਲੋੜ ਏ
ਝੂਠੇ ਪਰਦੇ ਪਾਉਣ ਦੀ ਕੀ ਲੋੜ ਏ ...

ਅਸਾਂ ਕੀਤਾ ਏ ਪਿਆਰ ਨਹੀਂ ਕੀਤੀ ਕੋਈ ਚੋਰੀ
ਦਿਲ ਮਿਲੇ ਤਾਂ ਮਿਲਾਏ ਨਹੀਂ ਮਿਲਾਏ ਧਿੰਗੋ ਜ਼ੋਰੀ
ਦਿਲ ਆਪੇ ਜਾਂਦੇ ਮਿਲ ਮਿਲ ਜਾਂਦੇ ਆਪੇ ਦਿਲ
ਹੁਣ ਵੰਡੀਆਂ ਪਾਉਣ ਦੀ ਕੀ ਲੋੜ ਏ, ਝੂਠੇ ਪਰਦੇ...

ਬਹੁਤਾ ਚੰਗਾ ਨਹੀਂ ਗੁੱਸਾ ਬਹੁਤਾ ਚੰਗਾ ਨਾ ਫਤੂਰ
ਰੋਸਾ ਜੇਕਰ ਕੋਈ ਬਹਿਕੇ ਕਰ ਲਈਏ ਦੂਰ
ਭੈੜਾ ਜੱਗ ਪਿਆ ਹੱਸੇ, ਨਾਲੇ ਤਾਅਨੇ ਪਿਆ ਕੱਸੇ
ਐਂਵੇ ਭੰਡੀਆਂ ਕਰਾਉਣ ਦੀ ਕੀ ਲੋੜ ਏ, ਝੂਠੇ ਪਰਦੇ...

ਦੋਚਿੱਤੀ ਵਾਲੀ ਜੰਗ ਕਰੇ ਸਦਾ ਹੀ ਖਵਾਰ
ਨਾ ਮਨਾ ਹੁੰਦਾ ਜੱਗ ਨਾ ਮਨਾ ਹੁੰਦਾ ਯਾਰ
ਭਾਵੇਂ ਰੁੱਸ ਜਾਵੇ ਚਾਹੇ ਰੁੱਸ ਜਾਵੇ ਰੱਬ
ਯਾਰ ਆਪਣਾ ਰੁਸਾਉਣ ਦੀ ਕੀ ਲੋੜ ਏ, ਝੂਠੇ ਪਰਦੇ...

ਅਸੀਂ ਕੰਧ ਵਿਚ ਉੱਗੇ ਹੋਏ ਰੁੱਖ ਸੱਜਣਾ
ਸਾਡੀ ਉਮਰੋਂ ਲੰਮੇਰਾ ਸਾਡਾ ਦੁੱਖ ਸੱਜਣਾ

ਪੂਰਨਮਾਸ਼ੀ ਦੀ ਚੰਨਾ ਆਉਂਦੀ ਜਦੋਂ ਰਾਤ ਵੇ
ਆਉਂਦੀ ਏ ਚੇਤੇ ਤੇਰੀ ਫੇਰ ਹਰ ਇਕ ਬਾਤ ਵੇ
ਚੰਨ ਪੁੰਨਿਆ ਦਾ ਬਣੇ ਤੇਰਾ ਮੁਖ ਸੱਜਣਾ

ਮੇਲ ਵਾਲੀ ਰਾਤ ਗਈ ਪੈ ਗਈਆਂ ਦੂਰੀਆਂ
ਜ਼ੁਲਫਾਂ ਵਾਲੇ ਨਾਗ ਵੀ ਬਣੇ ਨੇ ਲਟੂਰੀਆਂ
ਭੈੜਾ ਮੌਤ ਤੋਂ ਜ਼ੁਦਾਈ ਵਾਲਾ ਦੁਖ ਸੱਜਣਾ

ਜ਼ਿੰਦਗੀ ‘ਚ ਬਸ ਉਹ ਪਿਆਰੇ ਚਾਰ ਦਿਨ ਸੀ
ਤੇਰੇ ਨਾਲ ਜਿਹੜੇ ਮੈਂ ਗੁਜ਼ਾਰੇ ਚਾਰ ਦਿਨ ਸੀ
ਕੀ ਸੁੱਖਣੀ ਕਿਸੇ ਨੇ ਸਾਡੀ ਸੁੱਖ ਸੱਜਣਾ

ਜੱਗ ਦੀ ਕੀ ਆਖਾਂ ਵੈਰ ਰੱਬ ਨੇ ਕਮਾਇਆ ਏ
ਹਾਸਿਆਂ ਦਾ ਲਾਰਾ ਲਾ ਕੇ ਰੋਣਾ ਪੱਲੇ ਪਾਇਆ ਏ
ਸਾਥ ਮੰਗਲ ਦਾ ਛੱਡ ਗਏ ਨੇ ਸੁੱਖ ਸਜਣਾ

ਬਸ ਇਕੋ ਗੱਲ ਆਖਾਂ ਵਾਰ-ਵਾਰ ਜੋਗੀਆ
ਮੈਨੂੰ ਛੱਡ ਕੇ ਨਾ ਜਾਵੀਂ ਉਸ ਪਾਰ ਜੋਗੀਆ

ਓਸ ਪਾਰ ਜਦ ਪੀਂਘ ਪਿਆਰ ਦੀ ਝੂਟੇ ਕੋਈ ਜਵਾਨੀ
ਗਲ ਉਹਦੇ ਵਿਚ ਪਾ ਦੇਂਦੇ ਨੇ ਮੌਤ ਦੀ ਕਾਲੀ ਗਾਨੀ
ਕੋਈ ਸੁਣਦੈ ਨਾ ਅਰਜ਼ ਪੁਕਾਰ ਜੋਗੀਆ, ਮੈਨੂੰ ਛੱਡ ਕੇ ਨਾ...

ਹੰਝੂ ਹੌਕੇ, ਪੀੜਾਂ ਤੇ ਗ਼ਮ ਓਸ ਪਾਰ ਦੇ ਵਾਸੀ,
ਹਾਸੇ,ਖੁਸੀਆਂ,ਚਾਅ ਤੇ ਖੇੜੇ ਕਦ ਦੇ ਹੋਏ ਨੇ ਬਨਵਾਸੀ
ਰਿਹਾ ਮਹਿਰਮ ਨਾ ਕੋਈ ਗਮਖ਼ਾਰ ਜੋਗੀਆ, ਮੈਨੂੰ ਛੱਡ ਕੇ ਨਾ...

ਸਤ ਸਮੁੰਦਰ ਪਾਰ ਗਏ ਤਾਂ ਮੁੜਦੇ ਵੇਖੇ ਰਾਹੀ
ਓਸ ਪਾਰ ਗਏ ਮੂਲ ਨਾ ਮੁੜਦੇ ਜਾਣੇ ਕੁਲ ਲੁਕਾਈ
ਮੇਰੀ ਗੱਲ ਦਾ ਤੂੰ ਕਰ ਇਤਬਾਰ ਜੋਗੀਆ, ਮੈਨੂੰ ਛੱਡ ਕੇ ਨਾ...

ਓਸ ਪਾਰ ਪਊ ਜਾਣਾ ਤੈਨੂੰ ਲਾਸ਼ ਮੇਰੀ ਤੋਂ ਲੰਘ ਕੇ
ਸੀਨੇ ਮੇਰੇ ਮਾਰ ਕਟਾਰੀ ਜਾਂ ਸੂਲੀ ਤੇ ਟੰਗ ਕੇ
ਗਵਾਹ ਮੰਗਲ ਨੂੰ ਰੱਖ ਵਿਚਕਾਰ ਜੋਗੀਆ, ਮੈਨੂੰ ਛੱਡ ਕੇ ਨਾ...

ਓਸ ਪਾਰ ਦੇ ਸੁਣ-ਸੁਣ ਕਿੱਸੇ ਰੂਹ ਮੇਰੀ ਕੰਬ ਜਾਵੇ
ਅਕਲ ਤੇਰੀ ਤੇ ਪੈ ਗਿਆ ਪਰਦਾ ਕੌਣ ਤੈਨੂੰ ਸਮਝਾਵੇ
ਕਿੱਸੇ ਬਹਿ ਕੇ ਤੂੰ ਸੁਣ ਦੋ ਚਾਰ ਜੋਗੀਆ, ਮੈਨੂੰ ਛੱਡ ਕੇ ਨਾ...

ਓਸ ਪਾਰ ਦੀਆਂ ਰੁੱਤਾਂ ਨਾਗਣ ਦਿਲ 'ਤੇ ਡੰਗ ਚਲਾਵਣ
ਰੂਪ ਹੰਢਾ ਕੇ ਫੁਲਾਂ ਦੇ ਫਿਰ ਮਹਿਕਾਂ ਮਾਰ ਮੁਕਾਵਣ
ਰੁੱਤ ਮਰਜੂਗੀ ਤੇਰੀ ਇਸ ਪਾਰ ਜੋਗੀਆ, ਮੈਨੂੰ ਛੱਡ ਕੇ ਨਾ...

ਮੁੰਡਾ ਹਾਣ ਦਾ ਕਾਲਜ ਨਹੀਂਓ ਆਇਆ
ਸਈਓ ਨੀ ਮੇਰਾ ਜੀਅ ਨਾ ਲੱਗੇ
ਤਾਂਹੀਓ ਪੀਰੀਅਡ ਨਾ ਇਕ ਵੀ ਮੈਂ ਲਾਇਆ
ਸਈਓ ਨੀ ਮੇਰਾ ਜੀਅ ਨਾ ਲੱਗੇ

ਪਾਇਆ ਸੀ ਮੈਂ ਸੂਟ ਅੱਜ ਉਸਦੀ ਪਸੰਦ ਦਾ
ਬੜਾ ਹੀ ਸ਼ੁਦਾਈ ਨੀ ਓ ਸਰ੍ਹੋਂ ਫੁੱਲੇ ਰੰਗ ਦਾ
ਥਾਂ ਗੁੱਤਾਂ ਦੀ ਸੀ ਜੂੜਾ ਮੈਂ ਬਣਾਇਆ, ਸਈਓ ਨੀ ਮੇਰਾ...

ਚੜ੍ਹਿਆ ਖੁਮਾਰ ਉਦ੍ਹੀ ਦੀਦ ਦਾ ਨਜ਼ਰ ਨੂੰ
ਸਹਿਕਦੇ ਨੇ ਕੰਨ ਸਾਡੇ ਉਸਦੀ ਖ਼ਬਰ ਨੂੰ
ਪੱਲੇ ਕੁਝ ਵੀ ਨਾ ਸਾਡੇ ਕਿਸੇ ਪਾਇਆ, ਸਈਓ ਨੀ ਮੇਰਾ...

ਸਖੀਆਂ ਸਹੇਲੀਆਂ ਤੋਂ ਪੁੱਛ-ਪੁੱਛ ਹਾਰ ਗਈ
ਸੌ ਵਾਰੀ ਅੰਦਰ ਤੇ ਸੌ ਵਾਰੀ ਬਾਹਰ ਗਈ
ਉਹ ਨਜ਼ਰ ਨਾ ਕਿਤੇ ਮੈਨੂੰ ਆਇਆ, ਸਈਓ ਨੀ ਮੇਰਾ...

ਉਮਰ ਨਿਆਣੀ ਹਾਲੇ ਹੈ ਸਾਡੇ ਪਿਆਰ ਦੀ
ਤਾਂਹੀਓ ਤਾਂ ਵਿਛੋੜਾ ਜ਼ਿੰਦ ਪਲ ਨਾ ਸਹਾਰ ਦੀ
ਗੋਰੇ ਮੁਖੜੇ ਦਾ ਫੁੱਲ ਮੁਰਝਾਇਆ, ਸਈਓ ਨੀ ਮੇਰਾ...

ਦਿਲ ਦਾ ਉਹ ਸੱਚਾ ਬਸ ਭੈੜਾ ਹੈ ਜ਼ੁਬਾਨ ਦਾ
ਸੁਨੇਹਾ ਲੈ ਕੇ ਆਇਆ ਜਿਹੜਾ ਮੰਗਲ ਮਦਾਨ ਦਾ
ਭਾਬੋ ਆਖ ਕੇ ਉਹ ਇੰਝ ਫੁਰਮਾਇਆ, ਸਈਓ ਨੀ ਮੇਰਾ...

ਨਾ ਉਹ ਪਤਲੀ ਪਤੰਗ
ਤੇ ਨਾ ਗੋਰਾ ਉਦਾ ਰੰਗ
ਨਾ ਹਿਰਨੀ ਜਿਹੀ ਚਾਲ ਤੇ ਨਾ ਕੋਹ-ਕੋਹ ਲੰਮੇ ਵਾਲ
ਨਾ ਉਹ ਅਰਸ਼ਾਂ ਤੋਂ ਆਈ
ਤੇ ਨਾ ਪਰੀਆਂ ਦੀ ਉਹ ਕੋਈ ਭੈਣ ਬੇਲੀਓ
ਸਾਡੇ ਜੀਦੇ ਨਾਲ ਲੜ ਗਏ ਨੇ ਨੈਣ ਬੇਲੀਓ

ਨਾਜ਼ ਨਖ਼ਰੇ ਅਦਾਵਾਂ ਉਦੇ ਕੋਲ ਦੀ ਨਾ ਲੰਘੇ
ਗਹਿਣੇ ਗੱਟਿਆਂ ਦਾ ਚਾਅ ਉਦੀ ਸੋਚ ਨੂੰ ਨਾ ਡੰਗੇ
ਤੱਕ ਉਹਨੂੰ ਗਸ਼ ਸ਼ੋਖੀਆਂ ਨੂੰ ਪੈਣ ਬੇਲੀਓ, ਸਾਡੇ ਜੀਦੇ ਨਾਲ...

ਸੂਰਜ ਡੁੱਬਦਾ ਨਿਹਾਰੇ ਤੱਕੇ ਖਿੜਦੇ ਉਹ ਫੁੱਲ
ਜਦੋਂ ਪੜ੍ਹੇ ਕੋਈ ਕਿਤਾਬ, ਜਾਵੇ ਦੁਨੀਆਂ ਨੂੰ ਭੁੱਲ
ਗੀਤਾਂ ਗ਼ਜ਼ਲਾਂ ਦੀ ਉਹ ਬੜੀ ਹੈ ਸ਼ੁਦੈਣ ਬੇਲੀਓ, ਸਾਡੇ ਜੀਦੇ ਨਾਲ...

ਕਦੇ ਹਸਣਾ ਤੇ ਕਦੇ ਪਾਸਾ ਵੱਟਣਾ
ਕਿਥੋਂ ਸਿਖਿਆ ਏ ਦਸਤੂਰ ਦਸਣਾ
ਚੋਰੀ ਚੋਰੀ ਦਿਲ 'ਚ ਵਸਾ ਕੇ ਰੱਖਣਾ
ਲੁਕ ਲੁਕ ਭੈੜੀ ਦੁਨੀਆਂ ਤੋਂ ਤੱਕਣਾ

ਪਹਿਲੋਂ ਹਸ ਹਸ ਬਿੱਲੋ ਸਾਨੂੰ ਕੋਲ ਤੂੰ ਬੁਲਾਵੇ
ਕੋਲ ਤੇਰੇ ਜੇ ਆਈਏ ਝਟ ਪਾਸਾ ਵਟ ਜਾਵੇਂ
ਨੀ ਤੂੰ ਨਿੰਮ੍ਹਾ ਨਿੰਮ੍ਹਾ ਹਸ, ਲਿਆ ਕਾਲਜੇ ਨੂੰ ਡਸ
ਹੁਣ ਸੱਪਣੀ ਦੇ ਵਾਂਗੂੰ ਬਿਲੋ ਛਡ ਡਸਣਾ, ਕਦੇ ...

ਤੇਰੇ ਲਾਰਿਆਂ 'ਚ ਕਿਤੇ ਲੰਘ ਜਾਏ ਨਾ ਜਵਾਨੀ
ਪਾ ਲੈ ਚੀਚੀ ਵਿਚ ਛੱਲਾ ਸਾਡੇ ਪਿਆਰ ਦੀ ਨਿਸ਼ਾਨੀ
ਤੈਨੂੰ ਹਾੜੇ ਰਿਹਾ ਪਾ ਪੂਰੇ ਕਰ ਸਾਡੇ ਚਾਅ
ਕਦੇ ਹੱਸ ਕੇ ਤੂੰ ਕਹਿ ਸਾਨੂੰ ਚੰਨ ਮੱਖਣਾ, ਕਦੇ...

ਖ਼ਤ ਜਦ ਵੀ ਫੜਾਈਏ ਨੀ ਤੂੰ ਫੜ ਲਵੇਂ ਝਟ
ਜਦੋਂ ਮੰਗੀਏ ਜਵਾਬ ਕਾਹਤੋਂ ਚੁਪ ਜਾਵੇਂ ਵਟ
ਤੇਰੀ ਚੁਪ ਸਾਨੂੰ ਮਾਰੂ, ਕੋਈ ਕਹਿਰ ਗੁਜ਼ਾਰੂ
ਛੱਡ ਨਾ ਨਾ ਨਾ ਦਾ ਪਹਾੜਾ ਰੱਟਣਾ, ਕਦੇ...

ਤੇਰੇ ਭਾਅ ਦਾ ਹਾਸਾ ਸਾਡੀ ਮੁੱਠੀ ਵਿਚ ਜਾਨ
ਨੀ ਤੂੰ ਜੀਣ ਜੋਗਾ ਛੱਡਿਆ ਨਾ ਮੰਗਲ ਮਦਾਨ
ਤੈਨੂੰ ਹੋਰ ਕੀ ਏ ਕਹਿਣਾ, ਨਹੀਂ ਤੇਰੇ ਬਾਝੋਂ ਰਹਿਣਾ
ਜ਼ਿੰਦਗੀ ਦਾ ਕਾਸਾ ਰਹਿਣਾ ਤੇਰੇ ਬਾਝੋਂ ਸਖਣਾ, ਕਦੇ...

ਟੁੱਟ ਗਈਆਂ ਮੇਰੀਆਂ ਵੰਗਾਂ
ਵੇ ਮਿੱਤਰਾ ਛੱਡ ਵੀਣੀਂ

ਰੰਗ ਵੰਗਾਂ ਦਾ ਸੀ ਨਸਵਾਰੀਂ ਤਕ ਤਕ ਚੜ੍ਹਦੀ ਸੀ ਖੁਮਾਰੀ
ਦਿਲ ਡੁੱਬੇ ਤਕ ਵੀਣੀਂ ਖਾਲੀ, ਮੁੱਖ ਤੋਂ ਉਡੀ ਜਾਵੇ ਲਾਲੀ
ਗੱਲ ਲਗ ਰੋਣ ਉਮੰਗਾਂ, ਵੇ ਮਿੱਤਰਾ...

ਇਉਂ ਸੀ ਵੰਗਾਂ ਦਾ ਛਣਕਾਟਾ, ਜਿਉਂ ਕੁੜੀਆਂ ਦੀ ਡਾਰ ਦਾ ਹਾਸਾ
ਖਾਲੀ ਤੱਕ ਕੇ ਵੀਣੀਂ ਮੇਰੀ, ਸਖੀਆਂ ਨੇ ਗਲ ਕਰਨੀ ਤੇਰੀ
ਕਰਨੈ ਮਖੌਲ ਮਲੰਗਾਂ, ਵੇ ਮਿੱਤਰਾ...

ਆਥਣ ਨੂੰ ਘਰ ਆਵਣ ਵੇਲੇ, ਤੈਥੋਂ ਬਾਹ ਛੁਡਾਵਣ ਵੇਲੇ
ਤੈਥੋਂ ਲੱਗੀ ਜਦ ਬਾਂਹ ਛਡਾਉਣ ,ਵੀਣੀਂ ਹੋਈ ਲਹੂ ਲੁਹਾਨ
ਚੂਰ ਹੋਈਆਂ ਵੰਗਾਂ , ਵੇ ਮਿੱਤਰਾ...

'ਮੰਗਲ' ਈਕਣ ਬਾਂਹ ਮਰੋੜੀ, ਇਕ ਵੀ ਵੰਗ ਨਾ ਸਾਬਤ ਛੋੜੀ
ਨਾਜ਼ੁਕ ਪੈਰ ਮਲੂਕ ਨੇ ਮੇਰੇ, ਕੱਚ ਖਿੰਡਿਆ ਏ ਚਾਰ-ਚੁਫੇਰੇ
ਦਸ ਮੈਂ ਕਿਧਰੋਂ ਲੰਘਾਂ, ਵੇ ਮਿੱਤਰਾ...

ਸਾਡੇ ਚਾਵਾਂ ਦੀ ਉਮਰ ਨਿਆਣੀ
ਤੂੰ ਛੱਡ ਕੇ ਨਾ ਜਾਈਂ ਮਹਿਰਮਾ
ਨੇਰੀ ਹੰਝੂਆਂ ਦੀ ਝਟ ਝੁਲ ਜਾਣੀ
ਤੂੰ ਛੱਡ ਕੇ ਨਾ ਜਾਈਂ ਮਹਿਰਮਾ

ਬੁਲੀਆਂ 'ਤੇ ਚੁਪ ਵਾਲੇ ਦੀਵੇ ਚੰਨਾ ਬਾਲ ਕੇ
ਰੱਖੂੰਗੀ ਮੈਂ ਕਿੰਝ ਭਲਾ ਖ਼ੁਦ ਨੂੰ ਸੰਭਾਲ ਕੇ
ਚੁਪ ਹੌਕਿਆਂ 'ਚ ਝਟ ਵਟ ਜਾਣੀ, ਤੂੰ ਛੱਡ ਕੇ ਨਾ...

ਪੈਂਡਾ ਤਨਹਾਈ ਦਾ ਨਾ ਹੋਣਾ ਸਾਥੋਂ ਗਾਹ ਵੇ
ਯਾਦਾਂ ਤੇਰੀਆਂ ਬਹਿਣਾ ਮਲ ਮਲ ਰਾਹ ਵੇ
ਜਿੰਦ ਝੌਰਿਆ ਦੇ ਵਿਚ ਘਿਰ ਜਾਣੀ, ਤੂੰ ਛੱਡ ਕੇ ਨਾ...

ਚੇਤਿਆਂ ਦੇ ਅੰਬਰਾਂ 'ਤੇ ਤਾਰੇ ਜਦ ਛਾਣਗੇ
ਵਿੰਹਦੇ ਵਿੰਹਦੇ ਹੀ ਮੁਖ ਤੇਰਾ ਬਣ ਜਾਣਗੇ
ਪਊ ਅਖੀਆਂ 'ਚ ਰਾਤ ਲੰਘਾਣੀ, ਤੂੰ ਛੱਡ ਕੇ ਨਾ...

ਇਕ ਅੱਖ ਮਸਤਨੀ, ਦੂਜਾ ਤੋਰ 'ਚ ਰਵਾਨੀ
ਜਵਾਨਾਂ 'ਚੋਂ ਜਵਾਨੀ ਲੋਕੋ ਲੱਭਦੇ ਫਿਰੋਗੇ

ਸੱਚੀ ਪਿਆਰ ਨਿਸ਼ਾਨੀ, ਉਹ ਰੁਮਾਲ ਅਤੇ ਗਾਨੀ
ਹਾਏ ਅੱਲੜ ਨਾਦਾਨੀ, ਲੋਕੋ ਲੱਭਦੇ ਫਿਰੋਗੇ

ਸੱਥਾਂ ਅਤੇ ਜੂਹਾਂ ਵਾਲੇ, ਪਿੰਡ ਛੱਪੜ ਤੇ ਖੂਹਾਂ ਵਾਲੇ
ਬੰਦੇ ਨੇਕ ਰੂਹਾਂ ਵਾਲੇ, ਲੋਕੋ ਲੱਭਦੇ ਫਿਰੋਗੇ

ਗਲੀ 'ਚੋਂ ਨਿਆਣਿਆਂ ਨੂੰ, ਘਰਾਂ 'ਚੋਂ ਸਿਆਣਿਆਂ ਨੂੰ
ਭੜੋਲਿਆਂ 'ਚੋਂ ਦਾਣਿਆਂ ਨੂੰ, ਲੋਕੋ ਲੱਭਦੇ ਫਿਰੋਗੇ

ਜੀ ਆਇਆ ਕਹਿਣ ਵਾਲੇ, ਬੁੱਕਲ 'ਚ ਲੈਣ ਵਾਲੇ
ਰੁਸ-ਰੁਸ ਬਹਿਣ ਵਾਲੇ , ਲੋਕੋ ਲੱਭਦੇ ਫਿਰੋਗੇ

ਮੋਢਾ ਅਰਥੀ ਨੂੰ ਦੇਣ ਲਈ ਗੱਲ ਦਿਲ ਵਾਲੀ ਕਹਿਣ ਲਈ
ਬੰਦੇ ਸੱਥਰ ਤੇ ਬਹਿਣ ਵਾਲੇ , ਲੋਕੋ ਲੱਭਦੇ ਫਿਰੋਗੇ

ਯਾਰੀਆਂ ਨਿਭਾਉਣ ਵਾਲੇ, ਵੈਰ ਕਮਾਉਣ ਵਾਲੇ
ਅੜੀਆਂ ਪਗਾਉਣ ਵਾਲੇ , ਲੋਕੋ ਲੱਭਦੇ ਫਿਰੋਗੇ

ਗੁੱਟਾਂ ਉੱਤੇ ਰੱਖੜੀ ਨੂੰ, ਵੱਟਿਆਂ ਤੇ ਤਕੜੀ ਨੂੰ
ਲਾਸ਼ ਲਈ ਲਕੜੀ ਨੂੰ, ਲੋਕੋ ਲੱਭਦੇ ਫਿਰੋਗੇ

ਰੱਖੀ ਸੁਕੀ ਖਾਣ ਵਾਲੇ, ਸ਼ੁਕਰ ਮਨਾਉਣ ਵਾਲੇ
ਬੋਲਾਂ ਨੂੰ ਪੁਗਾਉਣ ਵਾਲੇ, ਲੋਕੋ ਲੱਭਦੇ ਫਿਰੋਗੇ

ਪੀਂਘ ਦੇ ਹੁਲਾਰਿਆਂ ਨੂੰ, ਸੱਜਣ ਪਿਆਰਿਆਂ ਨੂੰ
ਇਸ਼ਕੇ ਦੇ ਮਾਰਿਆਂ ਨੂੰ , ਲੋਕੋ ਲੱਭਦੇ ਫਿਰੋਗੇ

ਸਿਰਾਂ 'ਤੇ ਦਸਤਾਰਾਂ ਨੂੰ, ਸਾਂਝੇ ਪਰਿਵਾਰਾਂ ਨੂੰ
ਬੰਦੇ ਈਮਾਨਦਾਰਾਂ ਨੂੰ , ਲੋਕੋ ਲੱਭਦੇ ਫਿਰੋਗੇ

ਸੋਨਾ ਬਿਨਾ ਖੋਟ ਦਾ, ਮੰਗਲ ਮਲੋਟ ਦਾ
ਹੱਕਦਾਰ ਵੋਟ ਦਾ , ਲੋਕੋ ਲੱਭਦੇ ਫਿਰੋਗੇ

ਗੱਲ ਮੇਰੀ ਨੂੰ ਝੂਠ ਨਾ ਜਾਣੀ
ਤੇਰੀ ਸਾਡੀ ਖ਼ਤਮ ਕਹਾਣੀ
ਜਿੰਨ੍ਹੀ ਨਿਭ ਗਈ ਸੁਹਣੀ ਨਿਭ ਗਈ
ਨਿੱਭਣੀ ਨਾ ਹੁਣ ਹੋਰ ਤੇਰੇ ਨਾਲ ਨੀ ਬੋਤਲੇ
ਬਸ ਤੇਰੀ ਸਾਡੀ ਸਤਿ ਸ਼੍ਰੀ 'ਕਾਲ ਨੀ ਬੋਤਲੇ

ਨਾਲ ਤੇਰੇ ਕਦ ਪੈ ਗਈ ਯਾਰੀ
ਕਦ ਤੂੰ ਬਣ ਗਈ ਜਾਨੋਂ ਪਿਆਰੀ
ਸਹੁੰ ਤੇਰੀ ਕੁਝ ਪਤਾ ਨਾ ਮੈਨੂੰ
ਬੀਤ ਗਏ ਕਿੰਨੇ ਸਾਲ ਨੀ ਬੋਤਲੇ, ਬਸ ਤੇਰੀ ਸਾਡੀ...

ਸ਼ਾਮ ਢਲੇ ਦਿਲ ਗੋਤੇ ਖਾਊ
ਰਹਿ ਰਹਿ ਤੇਰੀ ਯਾਦ ਸਤਾਊ
ਹੋ ਜੂ ਔਖਾ ਮਨ ਸਮਝਾਣਾ
ਜਦ ਆਊ ਤੇਰਾ ਖਿਆਲ ਨੀ ਬੋਤਲੇ, ਬਸ ਤੇਰੀ ਸਾਡੀ...

ਤੈਥੋਂ ਸਦਕੇ ਜਾਵਣ ਵਾਲੇ
ਹਸ ਹਸ ਜਾਨ ਲੁਟਾਉਣ ਵਾਲੇ
ਜੱਗ ਤੇ ਹੋਣੇ ਹੋਰ ਬਥੇਰੇ
ਪਰ ਮੰਗਲ ਜਿਹਾ ਮਿਲਣਾ ਮੁਹਾਲ ਨੀ ਬੋਤਲੇ
ਬਸ ਤੇਰੀ ਸਾਡੀ ਸਤਿ ਸ਼੍ਰੀ 'ਕਾਲ ਨੀ ਬੋਤਲੇ

ਸੋਹਣੇ ਸਿਹਰੇ ਵਾਲਿਆ ਮੈਂ ਤੈਨੂੰ ਦੇਂਦਾ ਹਾਂ ਵਧਾਈਆਂ
ਅੱਜ ਅਰਸ਼ਾਂ ਤੋਂ ਪਰੀਆਂ ਵੀ ਫੁੱਲ ਲੈ ਕੇ ਆਈਆਂ

ਭੈਣਾ ਗੁੰਦੀ ਤੇਰੀ ਵਾਗ, ਨਾਲੇ ਭਾਬੀਆਂ ਸੁਹਾਗ
ਲਾ ਕੇ ਵੱਟਣਾ ਤੈਨੂੰ ਪਾਈਆਂ ਸੁਰਮ ਸਲਾਈਆਂ

ਬੇਬੇ ਸੁਰਗਾਂ 'ਚ ਹੱਸੇ, ਨਾਲੇ ਬਾਪੂ ਤਾਈਂ ਦੱਸੇ
ਮਾਰੇ ਖੁਸ਼ੀ ਦੇ ਦੋਹਾਂ ਦੀਆਂ ਅੱਖਾਂ ਭਰ ਆਈਆਂ

ਤੇਰੇ ਸਭ ਚਾਚੇ ਤਾਏ, ਪੂਰੇ ਰੰਗ ਵਿਚ ਆਏ
ਜਾਣ ਖਿੜ ਖਿੜ ਹੱਸੀ ਕੀ ਚਾਚੀਆਂ ਤੇ ਤਾਈਆਂ

ਲੈ ਕੇ ਮਾਮੀਆਂ ਨੂੰ ਨਾਲ ਮਾਮੇ ਪਾਉਂਦੇ ਨੇ ਧਮਾਲ
ਤਾਂਹੀਓ ਖੁਸ਼ੀਆਂ ਵੀ ਹੋਈਆਂ ਵੇਖੋ ਦੂਣ ਸਵਾਈਆਂ

ਤੇਰੇ ਛੋਟੇ ਯਾਰ ਬੇਲੀ, ਆਏ ਦੂਰੋਂ ਦੂਰੋਂ ਮੇਲੀ
ਸਾਰੇ ਰਲ ਮਿਲ ਨੱਚੇ ਖੂਬ ਰੌਣਕਾਂ ਨੇ ਲਾਈਆਂ

ਜੋੜੀ ਰੱਬ ਨੇ ਬਣਾਈ ਜਿਵੇਂ ਦੁੱਧ ਤੇ ਮਲਾਈ
ਰਹਿਣ ਸਦਾ ਦੋਵੇਂ ਕੱਠੇ ਕਦੇ ਪੈ ਨਾ ਜੁਦਾਈਆਂ

ਸਿਹਰਾ ਨਿੰਮੇ ਨੇ ਹੈ ਗਾਇਆ, ਸੁਰ ਪਿਆਰ ਵਾਲਾ ਲਾਇਆ
ਦੇਖੋ ਮੰਗਲ ਨੂੰ ਸਾਰੇ ਦੇਈ ਜਾਂਦੇ ਨੇ ਵਧਾਈਆਂ

ਪਰਦੇਸੀ ਹੋਇਆ ਚੰਨ, ਟੁੱਟੇ ਆਫਤਾਂ ਦੇ ਬੰਨ੍ਹ
ਹੜ੍ਹ ਹੰਝੂਆਂ ਦਾ ਦਸ ਕਿਵੇਂ ਥੰਮੀਏ
ਕਾਹਤੋਂ ਸਮੁੰਦਰੋਂ ਵਿਆਹਿਆ ਮੈਨੂੰ ਪਾਰ ਅੰਮੀਏ

ਸਾਡੀ ਮਾਂਗ 'ਚ ਸੰਧੂਰ
ਪਰ ਮਾਹੀਆ ਕੋਹਾਂ ਦੂਰ
ਸਧਰਾਂ ਦੇ ਪਾਣੀ ਤੇ ਵੀ ਕਾਈ ਜ਼ੰਮੀਏ

ਜਦੋਂ ਵੀਜ਼ਾ ਸਾਡਾ ਲੱਗੂ
ਨਾ ਰੁੱਤ ਜੋਬਨੇ ਦੀ ਲੱਭੂ
ਉਮਰ ਵਿਛੋੜਿਆਂ ਦੀ ਬੜੀ ਲੰਮੀ ਏ

ਇਹ ਕੀ ਵਰਤਿਆ ਏ ਝਾਣਾ
ਨੀ ਮੈਂ ਬਾਲੜੀ ਕੀ ਜਾਣਾ
ਅਸੀਂ ਮਰਦੇ ਹਾਂ ਨਿੱਤ ਤੇ ਨਿੱਤ ਜੰਮੀਏ

ਜਿਹੜੇ ਖਾਬ ਸੀ ਸਜਾਏ
ਗਏ ਮਰ ਮੁੱਕ ਮਾਏ
ਵਾਂਗੂੰ ਮੰਗਲ ਦੇ ਹਿਜ਼ਰਾਂ ਦੇ ਮਹਿਲੀਂ ਘੁੰਮੀਏ

ਕੀ ਸੂਰਜ ਤੇ ਕੀ ਚੰਨ ਤਾਰੇ
ਕੀ ਰੁੱਤਾਂ ਤੇ ਕੀ ਨਜ਼ਾਰੇ
ਸੁਹਣਿਆਂ ਤੋਂ ਡਰਦੇ ਨੇ ਸਭ ਬਈ
ਗੱਲ ਸੱਚ ਪਿਆ ਆਖਦਾਂ
ਸੁਹਣਿਆ ਤੋਂ ਡਰਦਾ ਹੈ ਰੱਬ ਬਈ, ਗੱਲ ਸੱਚ ਪਿਆ ਆਖਦਾਂ

ਅਪਣੀ ਆਈ ਤੇ ਜਦੋਂ ਸੁਹਣੇ ਆ ਜਾਂਦੇ ਨੇ
ਫੁੱਲਾਂ ਜਿਹੇ ਅੱਗ ਬਣ ਅੱਗ ਵਰਸਾਉਂਦੇ ਨੇ
ਗੱਲ ਜਾਣਦਾ ਹੈ ਇਹ ਸਾਰਾ ਜੱਗ ਬਈ, ਗੱਲ ਸੱਚ ਪਿਆ... ...

ਸੁਹਣਿਆ ਨੂੰ ਕੋਈ ਕੁਝ ਆਖ ਨਹੀਓ ਸਕਦਾ
ਇਹਨਾਂ ਦੀ ਹਵਾ ਵੰਨੀ ਝਾਕ ਨਹੀਓ ਸਕਦਾ
ਸੀਨੇ ਕਾਤਿਲ ਅਦਾਵਾਂ ਲਾਉਣ ਅੱਗ ਬਈ , ਗੱਲ ਸੱਚ ਪਿਆ... ...

ਮੁਹੱਬਤਾਂ ਦਾ ਦਮ ਸੁਹਣੇ ਭਰਦੇ ਜ਼ਰੂਰ ਨੇ
ਪਵੇ ਹਿੱਕ ਤਾਣ ਖੜਨਾ ਤਾਂ ਡਰਦੇ ਹਜ਼ੂਰ ਨੇ
ਪੈਂਦੇ ਇਸ਼ਕੇ ਨੂੰ ਨਿੱਤ ਨਵੇਂ ਯੱਬ ਬਈ , ਗੱਲ ਸੱਚ ਪਿਆ... ...

ਸੁਹਣਿਆਂ ਦੇ ਪੱਟੇ ਕਦੇ ਰਾਸ ਨਹੀਓ ਆਉਂਦੇ ਨੇ
ਮੰਗਲ ਨੂੰ ਬਹਿ ਬਹਿ ਉਦੇ ਯਾਰ ਸਮਝਾਉਂਦੇ ਨੇ
ਦਿਨ ਖੜ੍ਹੇ ਹੀ ਇਹ ਲੁੱਟਦੇ ਨੇ ਠੱਗ ਬਈ , ਗੱਲ ਸੱਚ ਪਿਆ.....

ਗੱਲਾਂ ਗੱਲਾਂ ਵਿਚ ਗੱਲ ਕਹਿਣ ਦੀ ਅਦਾ
ਸੁਹਣਿਆਂ ਤੋਂ ਸਿਖ ਲੈ ਤੂੰ ਸਿਖ ਲੈ ਦਿਲਾ
ਟੁਰੇ ਜਾਂਦੇ ਦਿਲ ਲੁਟ ਲੈਣ ਦੀ ਅਦਾ
ਸੁਹਣਿਆ ਤੋਂ ਸਿਖ ਲੈ ਤੂੰ ਸਿਖ ਲੈ ਦਿਲਾ

ਬੁਲ੍ਹੀਆਂ ਦੀ ਥਾਂ ਤੇ ਅੱਖਾਂ ਨਾਲ ਹਸਣਾ
ਨੇੜੇ ਨੇੜੇ ਆਉਣਾ ਨਾਲੇ ਪਾਸੇ ਵਟਣਾ
ਐਂਵੇ ਝੂਠੀ-ਮੂਠੀ ਰੁਸ ਬਹਿਣ ਦੀ ਅਦਾ

ਆਪ ਹੀ ਵਕੀਲ ਨਾਲੇ ਜੱਜ ਆਪ ਨੇ
ਸੁਹਣਿਆਂ ਨੂੰ ਤਾਂ ਹੁੰਦੇ ਸੌ ਖ਼ੂਨ ਮਾਫ਼ ਨੇ
ਸਭ ਲੁੱਟ-ਪੁੱਟ ਪਾਸਾ ਵੱਟ ਲੈਣ ਦੀ ਅਦਾ

ਦੱਸੀਏ ਕੀ ਇਹਨਾਂ ਜੋ ਕਮਾਲ ਕੀਤੇ ਨੇ
ਮੰਗਲ ਜਿਹੇ ਲੱਖਾਂ ਹੀ ਕੰਗਾਲ ਕੀਤੇ ਨੇ
ਉਤੋਂ ਭੋਲੇ ਭਾਲੇ ਬਣੇ ਰਹਿਣ ਦੀ ਅਦਾ

ਜ਼ੁਲਫ਼ਾਂ ਦੇ ਕਿੰਝ ਸੱਪ ਉਡਣੇ ਬਣਾਉਣੇ ਨੇ
ਉਡਦੇ ਪੰਛੀ ਕਿੰਝ ਅੰਬਰਾਂ 'ਚੋਂ ਲਾਹੁਣੇ ਨੇ
ਜ਼ੁਲਫਾਂ ਨੂੰ ਨਾਗ ਬਣਾ ਲੈਣ ਦੀ ਅਦਾ
ਸੁਹਣਿਆਂ ਤੋਂ ਸਿੱਖ ਲੈ ਤੂੰ ਸਿੱਖ ਲੈ ਦਿਲਾ

ਪਾਠਕਾਂ ਲਈ... ...